Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

Vol 18 * Issue 13
Daily Newspaper Monday, January 21, 2019 Tel: 905-793-2202 Fax: 905-793-2282 news@punjabipost.ca

# ਘਰੇਲੂ ਮਸਲਿਆਂ ਵੱਲ ਧਿਆਨ ਦੇਣ ਲਿਬਰਲ ਐਮਪੀਜ਼ : ਟਰੂਡੋ

ਓਟਵਾ, 20 ਜਨਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਉਣ ਵਾਲੇ ਚੋਣ ਵਰ੍ਹੇ ਦੌਰਾਨ ਆਪਣੇ ਐਮਪੀਜ਼ ਨੂੰ ਕੈਨੇਡੀਅਨਾਂ ਤੇ ਘਰੇਲੂ ਮਸਲਿਆਂ ਦਾ ਖਾਸ ਖਿਆਲ ਰੱਖਣ ਦੀ ਸਲਾਹ ਦਿੱਤੀ ਹੈ।



ਚੀਨ ਤੇ ਅਮਰੀਕਾ ਵਿਚਲੀ ਕਾਰੋਬਾਰੀ ਜੰਗ, ਬ੍ਰਿਟੇਨ ਦੀ ਯੂਰਪ ਤੋਂ ਵੱਖ ਹੋਣ ਦੀ ਅਧੂਰੀ ਇੱਛਾ, ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਹੱਥੋਂ ਨੌਕਰੀਆਂ ਖੁੱਸਣ ਦੇ ਡਰ ਵਰਗੇ ਮੁੱਦਿਆਂ ਦੇ ਮੱਦੇਨਜ਼ਰ ਟਰੂਡੋ ਵੱਲੋਂ ਇਹ ਵਿਚਾਰ ਪ੍ਰਗਟਾਏ ਗਏ ਹਨ। ਪਰ ਇਸ ਦੇ ਨਾਲ ਹੀ ਕੈਨੇਡਾ ਨੂੰ ਦਰਪੇਸ਼ ਚੁਣੌਤੀਆਂ, ਜਿਵੇਂ ਕਿ ਅਮਰੀਕਾ ਦੇ ਪੱਖ ਉੱਤੇ ਪਹਿਲੀ ਦਸੰਬਰ ਨੂੰ ਆਰਸੀਐਮਪੀ ਵੱਲੋਂ ਹੁਆਵੇਈ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਚੀਨ ਤੇ ਕੈਨੇਡਾ ਦੇ ਸਬੰਧਾਂ ਵਿੱਚ ਆਈ ਕੁੜੱਤਣ, ਦੀ ਵੀ ਟਰੂਡੋ ਨੂੰ ਚਿੰਤਾ ਹੈ। ਇਸ ਸਾਰੇ ਘਟਨਾਕ੍ਰਮ ਦੇ ਚੱਲਦਿਆਂ ਚੀਨ ਨੇ ਛੁੱਟੀ ਉੱਤੇ ਚੱਲ ਰਹੇ ਕੈਨੇਡੀਅਨ ਡਿਪਲੋਮੈਟ ਮਾਈਕਲ ਕੋਵਰਿਗ ਤੇ ਕਾਰੋਬਾਰੀ ਮਾਈਕਲ ਸ਼ਪੇਵਰ ਨੂੰ ਆਪਣੇ ਦੇਸ਼ ਦੀ ਸਕਿਊਰਿਟੀ ਨੂੰ ਖਤਰਾ ਦੱਸ ਕੇ ਪਿਛਲੇ ਹਫਤੇ ਨਜ਼ਰਬੰਦ ਕਰ ਲਿਆ। ਇਸ ਤੋਂ ਇਲਾਵਾ ਸਜ਼ਾ ਕੱਟ ਰਹੇ ਇੱਕ ਹੋਰ ਕੈਨੇਡੀਅਨ, ਰੌਬਰਟ ਲੌਇਡ ਸ਼ੈਲਨਬਰਗ ਨੂੰ ਨਸ਼ਿਆਂ ਦੀ ਸਮਗਲਿੰਗ ਲਈ ਮਿਲੀ ਪੰਦਰਾਂ ਸਾਲ ਦੀ ਸਜ਼ਾ ਦੇ ਮਾਮਲੇ ਦੀ ਮੁੜ ਸੁਣਵਾਈ ਕਰਕੇ ਉਸ ਦੀ ਸਜ਼ਾ ਨੂੰ ਵਧਾ ਕੇ ਮੌਤ ਦੀ ਸਜ਼ਾ ਕਰ ਦਿੱਤਾ ਗਿਆ।

ਐਤਵਾਰ ਨੂੰ ਪਾਰਲੀਆਮੈਂਟ ਹਿੱਲ ਉੱਤੇ ਲਿਬਰਲ ਐਮਪੀਜ਼ ਦੀ ਦੋ ਰੋਜ਼ਾ ਕਾਕਸ ਰਟਰੀਟ ਦੀ ਸ਼ੁਰੂਆਤ ਮੌਕੇ ਟਰੂਡੋ ਨੇ ਆਖਿਆ ਕਿ ਦੇਸ਼ ਭਰ ਨਹੀਂ ਸਗੋਂ ਦੁਨੀਆ ਭਰ ਦੇ ਲੋਕ ਉਨ੍ਹਾਂ ਖਬਰਾਂ ਨੂੰ ਲੈ ਕੇ ਬੇਚੈਨ ਹਨ ਜਿਹੜੀਆਂ ਉਨ੍ਹਾਂ ਦੀ ਕਮਿਊਨਿਟੀ ਜਾਂ ਦੇਸ਼ ਨਾਲ ਸਬੰਧਤ ਹਨ। ਇਸ ਤੋਂ ਇਲਾਵਾ ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ, ਜਿਵੇਂ ਕਿ ਹੜ੍ਹ ਆਉਣਾ ਤੇ ਅੱਗ ਆਦਿ ਨਾਲ ਕਈ ਇਲਾਕਿਆਂ ਦਾ ਮਿੰਟਾਂ ਵਿੱਚ ਹੀ ਖੁਰਾ ਖੋਜ ਮਿਟ ਜਾਣਾ ਆਦਿ ਵੀ ਵੱਡੀਆਂ ਚੁਣੌਤੀਆਂ ਬਣੀਆਂ ਹੋਈਆਂ ਹਨ। ਇਨ੍ਹਾਂ ਤੋਂ ਇਲਾਵਾ ਟਰੂਡੋ ਨੇ ਦੋ ਹੋਰਨਾਂ ਕੌਮਾਂਤਰੀ ਮਸਲਿਆਂ ਦੀ ਗੱਲ ਨਹੀਂ ਕੀਤੀ।

ਚੋਣ ਵਰ੍ਹਾ ਹੋਣ ਕਾਰਨ ਟਰੂਡੋ ਦੀ ਲਿਬਰਲ ਸਰਕਾਰ ਲਈ ਕੌਮਾਂਤਰੀ ਸਿਰਦਰਦੀਆਂ ਨੇ ਵੱਖਰੀ ਪਰੇਸ਼ਾਨੀ ਖੜ੍ਹੀ ਕੀਤੀ ਹੋਈ ਹੈ। ਟਰੂਡੋ ਚਾਹੁੰਦੇ ਹਨ ਕਿ ਇਸ ਤਰ੍ਹਾਂ ਦੇ ਕੌਮਾਂਤਰੀ ਮੁੱਦਿਆਂ ਤੋਂ ਆਪਣਾ ਧਿਆਨ ਹਟਾ ਕੇ ਉਨ੍ਹਾਂ ਦੀ ਪਾਰਟੀ ਘਰੇਲੂ ਮਸਲਿਆਂ ਵੱਲ ਧਿਆਨ ਦੇਵੇ ਤੇ ਉਨ੍ਹਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰੇ। ਇਸ ਲਈ ਟਰੂਡੋ ਨੇ ਇੱਕ ਤਰ੍ਹਾਂ ਆਪਣੀ ਪਾਰਟੀ ਨੂੰ ਅਕਤੂਬਰ ਵਿੱਚ ਹੋਣ ਵਾਲੀਆਂ ਫੈਡਰਲ ਚੋਣਾਂ ਲਈ ਕਮਰ ਕੱਸਣ ਦਾ ਸੰਕੇਤ ਦਿੱਤਾ।

## ਅੰਦਰ ਪੜ੍ਹੋ

ਮੈਕਸੀਕੋ ਵਿਚ ਤੇਲ ਪਾਈਪ ਲਾਈਨ ਦੇ ਧਮਾਕੇ 'ਚ 66 ਮੌਤਾਂ



ਪੰਨਾ 11

ਕੇਜਰੀਵਾਲ ਨੇ ਆਪ ਪਾਰਟੀ ਵੱਲੋਂ ਪੰਜਾਬ ਵਿਚ ਲੋਕ ਸਭਾ ਦੀਆਂ ਚੋਣਾਂ ਦਾ ਬਿਗਲ ਵਜਾਇਆ



ਪੰਨਾ 4

## ਬ੍ਰਿਟਿਸ਼ ਜੇਲ੍ਹਾਂ ਵਿੱਚ ਸਜ਼ਾਵਾਂ ਕੱਟ ਚੁੱਕੇ ਅਤੇ 45 ਹਜ਼ਾਰ ਜਾਅਲੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ

ਲੰਡਨ, 20 ਜਨਵਰੀ (ਪੋਸਟ ਬਿਊਰੋ)- ਇੰਗਲੈਂਡ ਦੇ ਸ਼ਹਿਰ ਰੈਡਿੰਗ ਵਿਖੇ ਪਿਛਲੇ 13 ਸਾਲਾਂ ਤੋਂ ਜਾਅਲੀ ਪਾਸਪੋਰਟ ਨਾਲ ਨੌਕਰੀ ਕਰ ਰਹੀ ਔਰਤ ਨੂੰ ਕੈਦ ਦੀ ਸਜ਼ਾ ਹੋਣ ਦੇ ਬਾਅਦ ਹੋਮ ਆਫਿਸ ਦੇ ਬੁਲਾਰੇ ਨੇ ਦੱਸਿਆ ਕਿ 2010 ਤੋਂ ਅੱਜ ਤੱਕ ਜੇਲ੍ਹ ਦੀ ਸਜ਼ਾ ਕੱਟ ਚੁੱਕੇ 45 ਹਜ਼ਾਰ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਚੁੱਕਾ ਹੈ। ਮਿਲੀ ਜਾਣਕਾਰੀ ਅਨੁਸਾਰ ਰੈਡਿੰਗ ਵਿਖੇ 53 ਸਾਲਾ ਮੈਰੀ ਸੈਲਸਟਾਈਨ ਨਾਂਅ ਦੀ ਔਰਤ 2005 ਵਿੱਚ ਸੈਰ ਦੇ ਵੀਜ਼ੇ ਉੱਤੇ ਆਈ ਸੀ, ਪਰ ਉਹ ਵੀਜ਼ਾ ਮਿਆਦ ਮੁੱਕਣ ਉਤੇ ਵਾਪਸ ਨਹੀਂ ਗਈ ਤੇ ਸਿਆਸੀ ਸ਼ਰਨ ਲਈ ਅਰਜ਼ੀ ਦੇ ਦਿੱਤੀ, ਜੋ ਬਾਅਦ ਵਿੱਚ ਰੱਦ ਹੋ ਗਈ। ਇਸ ਤੋਂ ਬਾਅਦ ਉਹ ਅੰਡਰ ਗਰਾਊਂਡ ਹੋ ਗਈ ਤੇ ਜਾਅਲੀ ਕਾਗਜ਼ਾਂ ਨਾਲ ਕਈ ਕੰਪਨੀਆਂ 'ਚ ਨੌਕਰੀ ਕਰਦੀ ਰਹੀ। ਸਾਲ 2015 ਤੋਂ 2017 ਤੱਕ ਕਰੈਕਟਰ ਸਰਟੀਫਿਕੇਟ ਹਾਸਲ ਕਰਨ ਅਤੇ ਉਸ ਨੂੰ ਨਵਿਆਉਣ ਦੀ ਕੋਸ਼ਿਸ਼ ਮੌਕੇ ਪਤਾ ਲੱਗਾ ਕਿ ਉਸ ਦੇ ਦਸਤਾਵੇਜ਼ ਨਕਲੀ ਹਨ। 21 ਨਵੰਬਰ ਨੂੰ ਗ੍ਰਿਫਤਾਰ ਕੀਤੀ ਮੈਰੀ ਨੂੰ ਰੈਡਿੰਗ ਅਦਾਲਤ ਨੇ ਛੇ ਮਹੀਨੇ ਕੈਦ ਅਤੇ 80 ਪੌਂਡ ਖਰਚਾ ਅਦਾ ਕਰਨ ਦੀ ਸਜ਼ਾ ਦਿੱਤੀ ਗਈ ਹੈ। ਇਸ ਪਿੱਛੋਂ ਗ੍ਰਹਿ ਵਿਭਾਗ ਉੱਤੇ ਸਵਾਲਾਂ ਉੱਠਣ ਪਿੱਛੋਂ ਆਈ ਰਿਪੋਰਟ ਵਿੱਚ ਪਤਾ ਲੱਗਾ ਕਿ 2010 ਤੋਂ 2016 ਦਰਮਿਆਨ 80,813 ਸ਼ਰਨਾਰਥੀ ਅਤੇ ਰਾਜਸੀ ਸ਼ਰਨ ਵਾਲੀਆਂ ਅਰਜ਼ੀਆਂ ਰੱਦ ਹੋਈਆਂ ਹਨ ਅਤੇ ਜਿਨ੍ਹਾਂ 'ਚੋਂ ਸਿਰਫ 29,659 ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ, ਜਦ ਕਿ 51,154 ਲੋਕ ਜਿਨ੍ਹਾਂ ਦੀਆਂ ਅਰਜ਼ੀਆਂ ਰੱਦ ਕੀਤੇ ਜਾਣ ਪਿੱਛੋਂ ਅਜੇ ਵੀ ਏਥੇ ਗੈਰ ਕਾਨੂੰਨੀ ਤੌਰ ਉੱਤੇ ਰਹਿ ਰਹੇ ਹਨ।

# ਨਾ ਵਾਤਾਵਰਣ ਵਿਚਲੀਆਂ ਤਬਦੀਲੀਆਂ ਤੇ ਨਾ ਹੀ ਚੀਨ ਨਾਲ ਕਾਰੋਬਾਰ ਦੀ ਗੱਲ ਕਰਾਂਗੇ : ਬਰਨੀਅਰ

ਓਟਵਾ, 20 ਜਨਵਰੀ (ਪੋਸਟ ਬਿਊਰੋ) : ਮੈਕਸਿਮ ਬਰਨੀਅਰ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਜੇ ਉਨ੍ਹਾਂ ਦੀ ਪੀਪਲਜ਼ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਉਹ ਵਾਤਾਵਰਣ ਵਿੱਚ ਹੋਣ ਵਾਲੀਆਂ ਤਬਦੀਲੀਆਂ ਦੇ ਮੁੱਦੇ ਦੀ ਕੋਈ ਗੱਲ ਨਹੀਂ ਕਰਨਗੇ। ਉਨ੍ਹਾਂ ਆਖਿਆ ਕਿ ਇਸ ਬਾਰੇ ਉਹ ਚਾਹੁੰਦੇ ਹਨ ਕਿ ਪ੍ਰੋਵਿੰਸ ਤੇ ਟੈਰੇਟਰੀਜ਼ ਆਪੋ ਆਪਣੀਆਂ ਯੋਜਨਾਵਾਂ ਲੈ ਕੇ ਆਉਣ ਤੇ ਉਨ੍ਹਾਂ ਉੱਤੇ ਕੰਮ ਕਰਨ।



ਇੱਕ ਇੰਟਰਵਿਊ ਵਿੱਚ ਬਰਨੀਅਰ ਨੇ ਆਖਿਆ ਕਿ ਫੈਡਰਲ ਪੱਧਰ ਉੱਤੇ ਉਹ ਕਾਰਬਨ ਟੈਕਸ ਜਾਂ ਗਲੋਬਲ ਵਾਰਮਿੰਗ ਨੂੰ ਠੱਲ੍ਹ ਪਾਉਣ ਲਈ ਕੋਈ ਹੋਰ ਨੀਤੀਆਂ ਲਿਆਉਣ ਦੇ ਹੱਕ ਵਿੱਚ ਨਹੀਂ ਹਨ। ਇੱਥੇ ਦੱਸਣਾ ਬਣਦਾ ਹੈ ਕਿ ਬਰਨੀਅਰ ਪੈਰਿਸ ਸਮਝੌਤੇ ਤੇ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਘਟਾਉਣ ਲਈ ਮਿਥੇ ਸੰਯੁਕਤ ਰਾਸ਼ਟਰ ਦੇ ਖਰੜੇ ਦੇ ਹੱਕ ਵਿੱਚ ਵੀ ਨਹੀਂ ਹਨ। ਬਰਨੀਅਰ ਨੇ ਆਖਿਆ ਕਿ ਜੇ ਪ੍ਰੋਵਿੰਸਾਂ ਕੋਲ ਪਹਿਲਾਂ ਹੀ ਕੋਈ ਯੋਜਨਾ ਲਾਗੂ ਹੈ ਤਾਂ ਉਹ ਚਾਹੁਣਗੇ ਕਿ ਉਹ ਉਸ ਨੂੰ ਜਾਰੀ ਰੱਖਣ ਤੇ ਜੇ ਸਬੰਧਤ ਪ੍ਰੋਵਿੰਸ ਵਾਤਾਵਰਣ ਵਿੱਚ ਸੁਧਾਰ ਲਈ ਕੋਈ ਹੋਰ ਕਦਮ ਨਹੀਂ ਚੁੱਕਣਾ ਚਾਹੁੰਦਾ ਤਾਂ ਉਨ੍ਹਾਂ ਨੂੰ ਇਸ ਨਾਲ ਕੋਈ ਦਿੱਕਤ ਨਹੀਂ ਹੋਵੇਗੀ। ਇਸ ਤੋਂ ਇਲਾਵਾ ਬਰਨੀਅਰ ਨੇ ਆਖਿਆ ਕਿ ਉਹ ਚੀਨ ਨਾਲ ਮੁਕਤ ਵਪਾਰ ਸਮਝੌਤੇ ਨੂੰ ਜਾਰੀ ਰੱਖਣ ਵਿੱਚ ਵੀ ਕੋਈ ਦਿਲਚਸਪੀ ਨਹੀਂ ਰੱਖਦੇ। ਇਸ ਤੋਂ ਪਹਿਲਾਂ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਸਮੇਂ ਬਰਨੀਅਰ ਨੇ ਇਸ ਆਈਡੀਆ ਨੂੰ ਕਾਫੀ ਮੁੱਖ ਮੁੱਦਾ ਦੱਸਿਆ ਸੀ ਪਰ ਤਾਜ਼ਾ ਹਾਲਾਤ ਦੇ ਨਾਲ ਨਾਲ ਚੀਨ ਵਿੱਚ ਨਜ਼ਰਬੰਦ ਕੀਤੇ ਗਏ ਕੈਨੇਡੀਅਨਾਂ ਆਦਿ ਵਰਗੇ ਮਸਲੇ ਖੜ੍ਹੇ ਹੋਣ ਤੋਂ ਬਾਅਦ ਬਰਨੀਅਰ ਨੇ ਆਪਣਾ ਮਨ ਬਦਲ ਲਿਆ।

ਜ਼ਿਮਨੀ ਚੋਣ ਲਈ ਆਪਣਾ ਪਹਿਲਾ ਉਮੀਦਵਾਰ ਮੈਦਾਨ ਵਿੱਚ ਉਤਾਰ ਕੇ ਪੀਪਲਜ਼ ਪਾਰਟੀ ਨੂੰ ਰਸਮੀ ਤੌਰ ਉੱਤੇ ਇਲੈਕਸ਼ਨਜ਼ ਕੈਨੇਡਾ ਵੱਲੋਂ ਫੈਡਰਲ ਪਾਰਟੀ ਦਾ ਦਰਜਾ ਮਿਲ ਜਾਵੇਗਾ। 2019 ਵਿੱਚ ਹੋਣ ਵਾਲੀਆਂ ਫੈਡਰਲ ਚੋਣਾਂ ਦੇ ਸਬੰਧ ਵਿੱਚ ਬਰਨੀਅਰ ਨੇ ਸਾਰੇ 338 ਹਲਕਿਆਂ ਵਿੱਚ ਆਪਣੇ ਉਮੀਦਵਾਰ ਖੜ੍ਹੇ ਕਰਨ ਦਾ ਫੈਸਲਾ ਕੀਤਾ ਹੈ।

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME AUTO
BUSINESS TRUCKING
R.E.S.P COMMERCIAL
CONNEX
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Aaxel Insurance Brokers Ltd.

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law · Business Law
Wills & Estates · Family Law
Power of Attorney · Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps
Cockroaches · Carpenter Ants · Silver Fish · Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration · Real Estate
Family Law · Business Closing
Corporate · Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ ।

HSBA TAX SERVICES
ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration – Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 | 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator
647.990.3205

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.6046
info@atozpestcontroltoronto.com | www.atozpestcontroltoronto.com

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# AZ DRIVERS JOB FAIR

## SEEKING DRIVERS FOR RUNS TO U.S

Hourly Pay 100%; We are currently hiring AZ drivers for runs to US; Our drivers are the heart of our company; Come in to check out our facility, see our trucks and meet Our Team!

{ AZ ਡਰਾਈਵਰਾਂ ਦੀ ਲੋੜ ਹੈ, ਤਨਖਾਹ ਹਰ ਹਫ਼ਤੇ, ਨਵੇਂ ਬਰੈਂਡ ਨਿਉ ਟੱਰਕ, ਸ਼ਨਿੱਚਰਵਾਰ ਤੇ ਐਂਤਵਾਰ ਨੂੰ ਘਰੇ। }

**Location**: Comfort Inn, 1500 Matheson Blvd, Mississauga
**Date**: Thursday, February 7th from 11 am to 7 pm

- Hourly Rates
- Direct deposit weekly
- New Automatic trucks 2017-2018
- Long term employment
- Regular customers & Regular routes.
- Home every week
- Open door policy
- Dedicated manager to help fix any issues

Bring your resume, abstract and CVOR. Cant make it to job fair? Give us a call today at 416.742.2345 ext.4496 or email us at amanda.mangal@xtl.com

XTL TRANSPORT LOGISTICS DISTRIBUTION

XTL is an equal opportunity employer that embraces diversity in the workplace and equivalently considers applications from qualified women, men, visible minorities, aboriginal people and persons with disabilities. At XTL you will find the place that suits you!



NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca



tico.ca IATA

Call Us For Guaranteed Lowest Airfare ANY Airline Time Destination Around the World

WESTJET vacations, transat, sunwing, AIR CANADA VACATIONS

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



SimConnect FREIGHT MANAGEMENT

# HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile



Sim Connect Freight Management

24 Hrs Dispatch

Ph: (905)915-1805/(905)799-8822
3380 Airway Dr Mississauga Ontario L4T1V3



chatr MOBILE

NEW

# NATION-WIDE

TALK, TEXT & DATA PLANS FROM

# $35/MO.

NO OVERAGE CHARGES, NO TERM CONTRACTS, NO CREDIT CHECKS

LET'S GET GOING. CHATRMOBILE.COM

VISIT OUR LOCATIONS TODAY!

379 Main St. North, Brampton, ON

2456 Lake Shore Blvd W., Etobicoke, ON

chatr AUTHORIZED DEALER

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅੱਜ ਨਾਮਾ

ਭਾਜਪਾ ਜੋ ਕੁਝ ਵੀ ਆਖਦੀ ਜਾਏ ਆਖੀ,
ਮੂਡ ਮੁਲਕ ਦਾ ਦਿੱਸ ਰਿਹਾ ਠੀਕ ਨਾਹੀਂ।
ਬਹੁਤਾ ਔਖਾ ਜਿਹਾ ਸਾਰਨਾ ਡੰਗ ਹੋਇਆ,
ਡਰਦੀ ਮਾਰਦੀ ਪਬਲਿਕ ਵੀ ਚੀਕ ਨਾਹੀਂ।
ਅੰਦਰ ਖਾਤੇ ਕਈ ਗੁੰਦੀਆਂ ਜਾਣ ਗੋਂਦਾਂ,
ਕਿਹੜੀ ਗੋਂਦ ਆ ਜੋ ਹੁੰਦੀ ਲੀਕ ਨਾਹੀਂ।
ਪਿਆ ਘੁੱਟਿਆ ਹਿੰਦ ਦਾ ਆਮ ਕਿਰਤੀ,
ਉਸ ਦੀ ਚੁੱਪ ਕੁਝ ਜਾਪਦੀ ਵੀਕ ਨਾਹੀਂ।
ਪਲਟਣ ਰਾਖਵੀਂ ਜਿਹੜੀ ਆ ਕੰਮ ਦੇਂਦੀ,
ਹਿੰਦੂਤਵ ਦੀ ਹਾਂਡੀ ਉਹ ਰਿੰਨ੍ਹ ਰਹੀ ਆ।
ਲੱਗਦਾ ਤੀਰ ਨਿਸ਼ਾਨੇ ਨਹੀਂ ਇੱਕ ਸਿੱਧਾ,
ਗੱਲਾਂ ਨਾਲ ਅਸਮਾਨ ਨੂੰ ਵਿੰਨ੍ਹ ਰਹੀ ਆ।

ਤੀਸ ਮਾਰ ਖਾਂ

# ਪਾਰਲੀਮੈਂਟ ਸਪੀਕਰ ਵੱਲੋਂ ਦੋਸ਼: ਰਾਸ਼ਟਰਪਤੀ ਟਰੰਪ ਨੇ ਸੂਚਨਾ ਜ਼ਾਹਰ ਕਰ ਕੇ ਸਾਡੇ ਲਈ ਖਤਰਾ ਪੈਦਾ ਕੀਤੈ

ਵਾਸ਼ਿੰਗਟਨ, 20 ਜਨਵਰੀ, (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਦੇ ਚੁਣੇ ਹੋਏ ਸਦਨ ਦੀ ਸਪੀਕਰ ਨੈਂਸੀ ਪੇਲੋਸੀ ਨੇ ਟਰੰਪ ਸਰਕਾਰ ਉੱਤੇ ਉਨ੍ਹਾਂ ਦੀ ਨਿੱਜੀ ਯਾਤਰਾ ਦੀ ਜਾਣਕਾਰੀ ਲੀਕ ਕਰਨ ਦਾ ਦੋਸ਼ ਲਾਇਆ ਤੇ ਦਾਅਵਾ ਕੀਤਾ ਹੈ ਕਿ ਇਸ ਨਾਲ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਵਧ ਗਿਆ ਅਤੇ ਉਨ੍ਹਾਂ ਨੂੰ ਜੰਗ ਪ੍ਰਭਾਵਤ ਅਫਗਾਨਿਸਤਾਨ ਦੌਰਾ ਰੱਦ ਕਰਨਾ ਪਿਆ ਹੈ। ਪੇਲੋਸੀ ਨੇ ਟਰੰਪ ’ਤੇ ਅਮਰੀਕੀਆਂ ਦੀ ਜਾਨ ਨੂੰ ਖਤਰੇ ਵਿੱਚ ਪਾਉਣ ਦਾ ਦੋਸ਼ ਵੀ ਲਾਇਆ ਹੈ।

ਵਰਨਣ ਯੋਗ ਹੈ ਕਿ ਬੀਤੇ ਸ਼ੁੱਕਰਵਾਰ ਨੂੰ ਨੈਂਸੀ ਪੇਲੋਸੀ ਦੀ ਬਰਸੇਲਸ ਅਤੇ ਜੰਗ ਪ੍ਰਭਾਵਤ ਅਫਗਾਨਿਸਤਾਨ ਦੀ ਵਿਦੇਸ਼ ਯਾਤਰਾ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੋਕ ਦਿਤਾ ਸੀ। ਇਹ ਯਾਤਰਾ ਓਦੋਂ ਰੋਕੀ ਗਈ, ਜਦੋਂ ਪੇਲੋਸੀ ਨੇ ਡੋਨਾਲਡ ਟਰੰਪ ਨੂੰ 29 ਜਨਵਰੀ ਨੂੰ ਉਨ੍ਹਾਂ ਦੇ ਸਲਾਨਾ ਭਾਸ਼ਣ ਦਾ ਪ੍ਰੋਗਰਾਮ ਮੁਲਤਵੀ ਕਰਨ ਲਈ ਕਿਹਾ ਸੀ। ਇਸ ਬਾਰੇ ਸਪੀਕਰ ਨੈਂਸੀ ਪੇਲੋਸੀ ਨੇ ਚਾਰ ਹਫ਼ਤੇ ਤੋਂ ਵੱਧ ਸਮਾਂ ਸਰਕਾਰ ਦੇ ਕੰਮ-ਕਾਰ ਦੇ ਸ਼ੱਟ ਡਾਊਣ ਹੋਣ ਦੇ ਕਾਰਨ




ਸੁਰੱਖਿਆ ਚੁਣੌਤੀਆਂ ਦਾ ਹਵਾਲਾ ਦੇ ਕੇ ਟਰੰਪ ਨੂੰ ਕਿਹਾ ਸੀ ਕਿ ਭਾਸ਼ਣ ਪ੍ਰੋਗਰਾਮ ਮੁਲਤਵੀ ਕਰ ਦੇਣ।

ਅੱਜ ਨੈਂਸੀ ਪੇਲੋਸੀ ਨੇ ਦੋਸ਼ ਲਾਇਆ ਕਿ ਸਾਰੀ ਦੁਨੀਆ ਨੂੰ ਉਨ੍ਹਾਂ ਦੀ ਅਫਗਾਨਿਸਤਾਨ ਯਾਤਰਾ ਦੀ ਜਾਣਕਾਰੀ ਦੇ ਕੇ ਡੋਨਾਲਡ ਟਰੰਪ ਨੇ ਅਮਰੀਕੀ ਲੋਕਾਂ ਦਾ ਜੀਵਨ ਖਤਰੇ ਵਿੱਚ ਪਾ ਦਿਤਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਖੇਤਰ ਵਿੱਚ ਕਿਸੇ ਵੀ ਮਹੱਤਵ ਪੂਰਨ ਵਿਅਕਤੀ, ਉੱਚ ਪੱਧਰੀ ਡੈਲੀਗੇਸ਼ਨ ਜਾਂ ਕਿਸੇ ਪੱਧਰ ਦੇ ਪਾਰਲੀਮੈਂਟਰੀ ਵਫਦ ਦੇ ਦੌਰੇ ਦੀ ਸੂਚਨਾ ਦਾ ਖੁਲਾਸਾ ਹੋਣ ਨਾਲ ਖ਼ਤਰਾ ਵਧ ਜਾਂਦਾ ਹੈ ਅਤੇ ਇਹ ਉੱਚ ਪੱਧਰੀ ਡੈਲੀਗੇਸ਼ਨ ਸੀ।

COLUMBUS TRUCK WASH
Open 7 Days

A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by Upto 50%
YOU NEED A MORTGAGE?
WE'LL ARANGE IT FOR YOU
NO MATTER WHAT YOUR REASON IS!
Self Employed or Unemployed
* Some Conditions Apply
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
416.677.0047
Jaspal Singh Gahunia #M08006400

# ਪੰਜਾਬ ਦੇ ਹਰ ਵਿਧਾਇਕ ਨੂੰ 5-5 ਕਰੋੜ ਰੁਪਏ ਸਾਲਾਨਾ ਵਿਕਾਸ ਫ਼ੰਡ ਦਿੱਤਾ ਜਾਵੇਗਾ

ਚੰਡੀਗੜ੍ਹ, 20 ਜਨਵਰੀ, (ਪੋਸਟ ਬਿਊਰੋ)- ਸਾਹਮਣੇ ਆ ਰਹੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਦੀਆਂ ਸਭ 13 ਸੀਟਾਂ ਜਿੱਤਣ ਦੀ ਸੋਚ ਨਾਲ ਕਾਂਗਰਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਪਾਰਟੀ ਦੇ ਸਾਰੇ 78 ਵਿਧਾਇਕਾਂ ਨਾਲ ਪਿੰਡਾਂ ਲਈ ਵਿਕਾਸ ਗ੍ਰਾਂਟਾਂ ਵੰਡਣ ਬਾਰੇ ਚਰਚਾ ਪੂਰੀ ਕਰ ਲਈ ਹੈ। ਪਿਛਲੇ ਬੁਧਵਾਰ ਤੋਂ ਪੰਜਾਬ ਭਵਨ ਵਿਚ ਸ਼ੁਰੂ ਹੋਇਆ ਮੀਟਿੰਗਾਂ ਦਾ ਦੌਰ ਮਾਲਵਾ ਦੇ ਵਿਧਾਇਕਾਂ ਨਾਲ ਚਰਚਾ ਦੇ ਬਾਅਦ ਜਦੋਂ ਸਮਾਪਤ ਹੋਇਆ ਤਾਂ ਵਿਕਾਸ ਕਾਰਜਾਂ ਲਈ ਫੰਡ ਵਧਾਉਣ ਦਾ ਮਾਮਲਾ ਵੀ ਸਿਰੇ ਲੱਗ ਗਿਆ।

ਵਰਨਣ ਯੋਗ ਹੈ ਕਿ ਚਰਚਾ ਦੇ ਪਹਿਲੇ ਦਿਨ ਦੀ ਮੀਟਿੰਗ ਵਿੱਚ ਹਰ ਵਿਧਾਇਕ ਨੂੰ 5 ਕਰੋੜ ਰੁਪਏ ਤਕ ਸਾਲਾਨਾ ਵਿਕਾਸ ਫ਼ੰਡ ਦੇਣ ਦਾ ਮੁੱਦਾ ਗੰਭੀਰਤਾ ਨਾਲ ਲਿਆ ਗਿਆ ਸੀ, ਕਿਉਂਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਹਿਸਾਬ ਲਾ ਕੇ ਕਿਹਾ ਸੀ ਕਿ 78 ਕਾਂਗਰਸੀ ਵਿਧਾਇਕਾਂ ਲਈ ਪ੍ਰਤੀ ਵਿਧਾਇਕ 5 ਕਰੋੜ ਰੁਪਏ ਕੁਲ ਰਕਮ 400 ਕਰੋੜ ਕਿਥੋਂ ਆਵੇਗੀ। ਇਹ ਵੀ ਚਰਚਾ ਹੋਈ ਕਿ ਕੁਲ 13 ਲੋਕ ਸਭਾ ਸੀਟਾਂ ਦੇ ਪ੍ਰਤੀ ਸੀਟ 9-9 ਅਸੈਂਬਲੀ ਹਲਕਿਆਂ ਵਿਚੋਂ ਵਿਰੋਧੀ ਪਾਰਟੀਆਂ ਦੇ ਔਸਤਨ 3 ਹਲਕੇ ਵੀ ਹਨ ਤਾਂ ਉਨ੍ਹਾਂ ਨੂੰ ਵੀ ਵਿਕਾਸ ਫ਼ੰਡ ਦੇਣੇ ਪੈਣਗੇ। ਇਹ ਸੋਚਿਆ ਗਿਆ ਕਿ ਐਮ ਪੀ ਲੈਡ ਫ਼ੰਡ ਵਾਂਗ ਇਹ ਫ਼ੰਡ ਵੀ ਜੇ ਡਿਪਟੀ ਕਮਿਸ਼ਨਰਾਂ ਰਾਹੀਂ ਭੇਜਿਆ ਤਾਂ ਵਿਧਾਇਕਾਂ ਦੀ ਕਦਰ ਨਹੀਂ ਪਵੇਗੀ।

ਪਿਛਲੇ ਦੋ ਸਾਲਾਂ ਤੋਂ ਕਾਂਗਰਸ ਸਰਕਾਰ ਦੇ ਮੰਤਰੀ ਕਹਿ ਰਹੇ ਸਨ ਕਿ ਖ਼ਜ਼ਾਨਾ ਖ਼ਾਲੀ ਪਿਆ ਹੈ, ਅਕਾਲੀ-ਭਾਜਪਾ ਵਾਲੇ ਲੁੱਟ ਗਏ ਤੇ ਪੰਜਾਬ ਸਿਰ ਕਰਜ਼ਾ ਇਸ ਮਾਰਚ ਤਕ 2 ਲੱਖ ਕਰੋੜ ਤੋਂ ਟੱਪ ਜਾਣਾ ਹੈ, ਪਰ ਟੈਕਸ ਉਗਰਾਹੀ ਇਸ ਰਾਜ ਵਿੱਚ ਪਹਿਲਾਂ ਤੋਂ ਸਾਲਨਾ 1100 ਕਰੋੜ ਘਟ ਗਈ ਅਤੇ ਆਮਦਨ ਦੇ ਵਾਧੂ ਸਰੋਤ ਪੈਦਾ ਕਰਨਾ ਸਰਕਾਰ ਨੂੰ ਭੁੱਲ ਗਿਆ ਹੈ। ਖਜ਼ਾਨਾ ਵਿਭਾਗ ਦੇ ਅਫਸਰਾਂ ਮੁਤਾਬਕ ਵਿਧਾਇਕਾਂ ਲਈ 5 ਕਰੋੜ ਰੁਪਏ ਸਾਲਾਨਾ ਵਿਕਾਸ ਫ਼ੰਡ ਜਾਰੀ ਕਰਨ ਲਈ ਮੰਤਰੀ ਮੰਡਲ ਤੇ ਵਿਧਾਨ ਸਭਾ ਤੋਂ ਮੰਜ਼ੂਰੀ ਲੈਣੀ ਪੈਣੀ ਹੈ। ਇਕ ਅੰਦਾਜ਼ੇ ਮੁਤਾਬਕ ਵਿਧਾਇਕ ਵਿਕਾਸ ਫ਼ੰਡ ਲਈ ਸਾਲਾਨਾ 585 ਕਰੋੜ ਰੁਪਏ ਦਾ ਪ੍ਰਬੰਧ ਕਰਨਾ ਸੰਕਟ ਵਿਚ ਫਸੀ ਸਰਕਾਰ ਲਈ ਕਾਫੀ ਮੁਸ਼ਕਲ ਹੋਵੇਗਾ। ਲੋਕ ਸਭਾ ਦਾ ਚੋਣ ਜ਼ਾਬਤਾ ਮਾਰਚ ਦੇ ਪਹਿਲੇ ਹਫ਼ਤੇ ਲੱਗਣਾ ਹੋਵੇ ਤਾਂ ਫ਼ਰਵਰੀ ਦਾ ਇਕੋ ਮਹੀਨਾ ਬਾਕੀ ਹੈ, ਜਿਸ ਦੌਰਾਨ ਹਰ ਵਿਧਾਨ ਸਭਾ ਹਲਕੇ ਦੇ 80 ਤੋਂ 100 ਪਿੰਡਾਂ ਵਿਚ 5 ਕਰੋੜ ਦੀ ਵਿਕਾਸ ਗ੍ਰਾਂਟ ਵੰਡੀ ਜਾਣੀ ਹੈ। ਇਹ ਕਾਫੀ ਔਖਾ ਕੰਮ ਹੈ।

# ਭਾਜਪਾ ਆਗੂ ਰਾਜੇਸ਼ ਕਾਲੀਆ ਚੰਡੀਗੜ੍ਹ ਦੇ ਮੇਅਰ ਬਣੇ

ਚੰਡੀਗੜ੍ਹ, 20 ਜਨਵਰੀ (ਪੋਸਟ ਬਿਊਰੋ)- ਭਾਜਪਾ ਦੇ ਆਗੂ ਅਤੇ ਮੂਲ ਤੌਰ 'ਤੇ ਸੋਨੀਪਤ ਦੇ ਵਸਨੀਕ ਰਾਜੇਸ਼ ਕਾਲੀਆ ਚੰਡੀਗੜ੍ਹ ਸ਼ਹਿਰ ਦੇ ਮੇਅਰ ਬਣ ਗਏ ਹਨ। ਬਾਗੀ ਉਮੀਦਵਾਰ ਅਤੇ ਕਰਾਸ ਵੋਟਿੰਗ ਹੋਣ ਦੇ ਬਾਵਜੂਦ ਰਾਜੇਸ਼ ਕਾਲੀਆ ਨਗਰ ਨਿਗਮ ਦੇ ਨਵੇਂ ਮੇਅਰ ਚੁਣ ਲਏ ਗਏ ਹਨ।

ਮਿਲੀ ਜਾਣਕਾਰੀ ਅਨੁਸਾਰ ਭਾਜਪਾ ਦੇ ਕੋਲ 22 ਵੋਟਾਂ ਹੋਣ ਦੇ ਬਾਵਜੂਦ ਕਾਲੀਆ ਨੂੰ 16 ਵੋਟਾਂ ਮਿਲੀਆਂ ਹਨ ਤੇ ਭਾਜਪਾ ਦੇ ਬਾਗੀ ਉਮੀਦਵਾਰ ਸਤੀਸ਼ ਕੈਂਥ ਨੂੰ 11 ਵੋਟਾਂ ਪਈਆਂ ਹਨ। ਕਾਂਗਰਸ ਦੀ ਮੇਅਰ ਅਹੁਦੇ ਦੀ ਉਮੀਦਵਾਰ ਨੇ ਕੁਝ ਪਲ ਪਹਿਲਾਂ ਆਪਣਾ ਨਾਮਜ਼ਦਗੀ ਪੱਤਰ ਵਾਪਸ ਲੈ ਲਿਆ ਸੀ। ਇਸ ਦੇ ਬਾਅਦ ਕਾਂਗਰਸ ਦੇ ਸਾਰੇ ਚਾਰ ਕੌਂਸਲਰਾਂ ਦੇ ਵੋਟ ਲੈਣ ਦੇ ਬਾਵਜੂਦ ਭਾਜਪਾ ਦੇ ਬਾਗੀ ਆਗੂ ਸਤੀਸ਼ ਕੈਂਥ ਜਿੱਤ ਨਹੀਂ ਸਕੇ। ਚੋਣਾਂ ਵਿੱਚ ਹੋਈ ਕਰਾਸ ਵੋਟਿੰਗ ਲਈ ਟੰਡਨ ਧੜਾ ਪਾਰਲੀਮੈਂਟ ਮੈਂਬਰ ਕਿਰਨ ਧੜੇ ਦੇ ਕੌਂਸਲਰਾਂ ਉੱਤੇ ਸ਼ੱਕ ਕਰਦਾ ਹੈ ਕਿਉਂਕਿ ਕਿਰਨ ਖੇਰ ਧੜੇ ਦੇ ਕੌਂਸਲਰ ਮਿਲ ਕੇ ਸਤੀਸ਼ ਕੈਂਥ ਨੂੰ ਪਾਰਟੀ ਦਾ ਉਮੀਦਵਾਰ ਬਣਾਉਣਾ ਚਾਹੁੰਦੇ ਸਨ।


ਮੇਅਰ ਅਹੁਦੇ ਦੇ ਇਲਾਵਾ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਅਹੁਦੇ 'ਤੇ ਵੀ ਭਾਜਪਾ ਅਕਾਲੀ ਗੱਠਜੋੜ ਦਾ ਕਬਜ਼ਾ ਹੋਇਆ ਹੈ। ਸੀਨੀਅਰ ਡਿਪਟੀ ਮੇਅਰ ਲਈ ਅਕਾਲੀ ਕੌਂਸਲਰ ਹਰਦੀਪ ਸਿੰਘ ਨੇ 20 ਵੋਟਾਂ ਲੈ ਕੇ ਕਾਂਗਰਸ ਦੀ ਗੁਰਬਖਸ਼ ਰਾਵਤ ਨੂੰ ਹਰਾ ਦਿੱਤਾ ਅਤੇ ਡਿਪਟੀ ਮੇਅਰ ਅਹੁਦੇ ਉੱਤੇ ਕੰਵਰਜੀਤ ਰਾਣਾ ਨੇ 21 ਵੋਟਾਂ ਹਾਸਲ ਕਰਕੇ ਕਾਂਗਰਸ ਦੀ ਰਵਿੰਦਰ ਕੌਰ ਗੁਜਰਾਲ ਨੂੰ ਹਰਾਇਆ ਹੈ।

# ਮਲੇਸ਼ੀਆ ਤੋਂ ਮੁੜਦਾ ਐਨ ਆਰ ਆਈ ਲਾੜਾ ਦਿੱਲੀ ਹਵਾਈ ਅੱਡੇ ਤੋਂ ਗ੍ਰਿਫਤਾਰ

ਬਠਿੰਡਾ, 20 ਜਨਵਰੀ (ਪੋਸਟ ਬਿਊਰੋ)- ਮਲੇਸ਼ੀਆ ਤੋਂ ਭਾਰਤ ਆ ਰਹੇ ਇਕ ਐਨ ਆਰ ਆਈ ਲਾੜੇ ਨੂੰ ਬਠਿੰਡਾ ਜ਼ਿਲੇ ਦੀ ਪੁਲਸ ਦੇ ਪੀ ਓ ਵਿੰਗ ਨੇ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਹੈ। ਅਦਾਲਤ ਨੇ ਤਕਰੀਬਨ 10 ਮਹੀਨੇ ਉਸ ਨੂੰ ਭਗੌੜਾ ਕਰਾਰ ਦਿੱਤਾ ਸੀ। ਇਸ ਐਨ ਆਰ ਆਈ ਲਾੜੇ ਨੂੰ ਪੁਲਸ ਨੇ ਬਠਿੰਡਾ ਵਿੱਚ ਰੀਤੂ ਹੰਸ ਜੁਡੀਸ਼ਲ ਮੈਜਿਸਟਰੇਟ ਫਸਟ ਕਲਾਸ ਦੀ ਅਦਾਲਤ 'ਚ ਪੇਸ਼ ਕੀਤਾ, ਜਿਥੇ ਅਦਾਲਤ ਨੇ ਉਸ ਨੂੰ ਦੋ ਦਿਨਾਂ ਲਈ ਪੁਲਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਪਤਾ ਲੱਗਾ ਹੈ ਕਿ ਬਠਿੰਡਾ ਦੀ ਨਵਜੋਤ ਕੌਰ ਦੀ ਸ਼ਾਦੀ 24 ਅਗਸਤ 2015 ਨੂੰ ਜਤਿੰਦਰਪਾਲ ਸਿੰਘ ਨਾਗਰਾ ਵਾਸੀ ਹਿਮਾਯੂ ਖੇੜਾ, ਜ਼ਿਲਾ ਸਿਰਸਾ ਨਾਲ ਹੋਈ ਸੀ, ਪਰ ਸਾਲ ਬਾਅਦ ਨਵਜੋਤ ਕੌਰ ਨੇ 18 ਅਗਸਤ 2016 ਨੂੰ ਐਸ ਐਸ ਪੀ ਬਠਿੰਡਾ ਨੂੰ ਦਰਖਾਸਤ ਦਿੱਤੀ ਕਿ ਵਿਆਹ ਸਮੇਂ ਸਹੁਰਾ ਪਰਵਾਰ ਤੇ ਪਤੀ ਜਤਿੰਦਰਪਾਲ ਸਿੰਘ ਨਾਗਰਾ ਨੇ ਇਹ ਕਿਹਾ ਸੀ ਕਿ ਉਸ ਦਾ ਮਲੇਸ਼ੀਆ ਵਿੱਚ ਚੰਗਾ ਕਾਰੋਬਾਰ ਹੈ ਅਤੇ ਉਨ੍ਹਾਂ ਨੂੰ ਕਿਸੇ ਕਿਸਮ ਦਾ ਲਾਲਚ ਨਹੀਂ ਹੈ, ਉਹ ਉਸ ਨੂੰ ਮਲੇਸ਼ੀਆ ਵੀ ਲੈ ਗਿਆ, ਪ੍ਰੰਤੂ ਵਿਆਹ ਤੋਂ ਥੋੜ੍ਹੇ ਸਮੇਂ ਪਿੱਛੋਂ ਜਤਿੰਦਰਪਾਲ ਤੇ ਸਹੁਰਾ ਪਰਵਾਰ ਉਸ ਨੂੰ ਦਾਜ ਲਈ ਤੰਗ ਕਰਨ ਲੱਗੇ ਸਨ। ਇਸੇ ਮੰਗ ਦੇ ਕਾਰਨ ਉਸ ਨੂੰ ਕੁੱਟਮਾਰ ਕਰਨ ਬਾਅਦ ਮਲੇਸ਼ੀਆ ਤੋਂ ਵਾਪਸ ਪੰਜਾਬ ਭੇਜ ਦਿੱਤਾ ਗਿਆ ਸੀ। ਪੀੜਤਾਂ ਦੀ ਸ਼ਿਕਾਇਤ ਉਤੇ ਮਹਿਲਾ ਥਾਣਾ ਬਠਿੰਡਾ ਦੀ ਪੁਲਸ ਨੇ ਜਾਂਚ ਪਿੱਛੋਂ 18 ਜੁਲਾਈ 2017 ਨੂੰ ਜਤਿੰਦਰਪਾਲ ਸਿੰਘ, ਦਿਓਰ ਵਰਿੰਦਰ ਸਿੰਘ, ਸੱਸ ਪਾਲ ਕੌਰ ਅਤੇ ਨਣਾਨ ਬਲਜਿੰਦਰ ਕੌਰ ਤੇ ਨਵਦੋਈਆ ਦਵਿੰਦਰ ਸਿੰਘ ਵਾਸੀ ਟਿੱਬੀ ਦੇ ਖਿਲਾਫ ਕੇਸ ਦਰਜ ਕਰ ਲਿਆ ਸੀ। ਇਸ ਦੌਰਾਨ ਜਤਿੰਦਰਪਾਲ ਸਿੰਘ ਵਾਪਸ ਮਲੇਸ਼ੀਆ ਭੱਜ ਗਿਆ ਤੇ ਅਦਾਲਤੀ ਤਾਰੀਖਾਂ 'ਤੇ ਨਾ ਪਹੁੰਚਣ ਕਾਰਨ ਮਾਰਚ 2018 ਨੂੰ ਅਦਾਲਤ ਨੇ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਸੀ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741

LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
➡ Automatic & Manual Trucks
○ 1:1 Training
➡ Forklift Training
Reach Truck
Counterbalance
Air Brake Classes
Sat-Sun 8am to 4pm

Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636

Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਕੇਜਰੀਵਾਲ ਨੇ ਆਪ ਪਾਰਟੀ ਵੱਲੋਂ ਪੰਜਾਬ ਵਿੱਚ ਲੋਕ ਸਭਾ ਦੀਆਂ ਚੋਣਾਂ ਦਾ ਬਿਗਲ ਵਜਾਇਆ

* ਆਮ ਲੋਕਾਂ, ਦਲਿਤਾਂ ਤੇ ਗ਼ਰੀਬਾਂ ਲਈ ਹਾਅ ਦਾ ਨਾਅਰਾ ਮਾਰਿਆ

* ਭਗਵੰਤ ਕਹਿੰਦਾ: ਝਾੜੂ ਨੂੰ 2-3 ਤੀਲੇ ਨਿਕਲਣ ਦਾ ਫਰਕ ਨਹੀਂ ਪੈਂਦਾ







ਬਰਨਾਲਾ, 20 ਜਨਵਰੀ, (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਏਥੇ ਆਪਣੀ ਪਾਰਟੀ ਵੱਲੋਂ ਲੋਕ ਸਭਾ ਚੋਣਾਂ ਦਾ ਬਿਗਲ ਵਜਾਉਣ ਦੇ ਨਾਲ ਪੰਜਾਬ ਦੇ ਮੁੱਖ ਮੰਤਰੀ ਉੱਤੇ ਹਮਲਾ ਕਰਦਿਆਂ ਕਿਹਾ ਕਿ ਕਿਸਾਨਾਂ-ਬੇਰੋ-ਜਗਾਰਾਂ, ਦਲਿਤਾਂ ਅਤੇ ਪਿਛੜੇ ਲੋਕਾਂ ਨਾਲ ਕੈਪਟਨ ਅਮਰਿੰਦਰ ਸਿੰਘ ਨੇ ਧੋਖਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ 3 ਸਾਲਾਂ ਦੀ ਸਰਕਾਰ ਨੇ ਸਿਹਤ, ਸਿੱਖਿਆ ਅਤੇ ਹਰ ਹੋਰ ਖੇਤਰ ਵਿਚ ਕਮਾਲ ਦਾ ਕੰਮ ਕਰਕੇ ਨਕਸ਼ਾ ਬਦਲ ਦਿੱਤਾ ਹੈ, ਜਿਸ ਦੀ ਦੇਸ਼ ਤੋਂ ਬਾਹਰ ਵਿਦੇਸ਼ਾਂ ਵਿਚ ਵੀ ਚਰਚਾ ਹੁੰਦੀ ਹੈ ਅਤੇ ਆਮ ਲੋਕ, ਦਲਿਤ ਤੇ ਪਿਛੜੇ ਗ਼ਰੀਬ ਭਰਪੂਰ ਲਾਭ ਲੈ ਰਹੇ ਹਨ।

ਬਰਨਾਲਾ ਦੀ ਰੈਲੀ ਵਿੱਚ ਬੋਲਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਆਮ ਆਦਮੀ ਪਾਰਟੀ ਹਮੇਸ਼ਾ ਲੋਕਾਂ ਦੇ ਹੱਕ ਤੇ ਸੱਚ ਦੀ ਆਵਾਜ਼ ਬੁਲੰਦ ਕਰਦੀ ਰਹੀ ਹੈ ਤੇ ਜਿਹੜੇ ਲੋਕ ਕਹਿੰਦੇ ਹਨ ਕਿ ਪੰਜਾਬ ਵਿਚ ਇਹ ਪਾਰਟੀ ਤੀਲਾ-ਤੀਲਾ ਹੋ ਗਈ ਹੈ, ਅੱਜ ਦੀ ਰੈਲੀ ਉਨ੍ਹਾਂ ਨੂੰ ਸਾਫ ਜਵਾਬ ਹੈ। ਉਨ੍ਹਾਂ ਕਿਹਾ ਕਿ ਕਿਸੇ ਦੀ ਹਿੰਮਤ ਨਹੀਂ ਕੀ ਇਸ ਪਾਰਟੀ ਨੂੰ ਖ਼ਤਮ ਕਰ ਸਕੇ, ਸਿਰਫ ਇਸ ਲਈ ਕਿ ਇਹ ਆਮ ਲੋਕਾਂ ਦੀ ਪਾਰਟੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਪੰਜ ਸਾਲਾਂ ਵਿਚ ਕਾਂਗਰਸ ਅਤੇ ਅਕਾਲੀ ਦਲ ਨੇ ਮਿਲ ਕੇ ਇਸ ਪਾਰਟੀ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਸੱਚ ਦੀ ਤਾਕਤ ਨੂੰ ਝੁਕਾ ਨਹੀਂ ਸਕੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਾਰੇ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੇ ਦਲਿਤਾਂ, ਪਿਛੜੇ ਲੋਕਾਂ ਤੇ ਗ਼ਰੀਬਾਂ ਦਾ ਹੱਕ ਮਾਰਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਤੇ ਅਕਾਲੀ ਦਲ ਦੇ ਰਾਜ ਵਿੱਚ ਗ਼ਰੀਬ, ਦਲਿਤ ਤੇ ਪਿਛੜਾ ਵਰਗ ਦੁਖੀ ਰਹੇ, ਦਲਿਤਾਂ ਨੂੰ ਉਨ੍ਹਾਂ ਦੀਆਂ ਸਹੂਲਤਾਂ ਤੇ ਹੱਕ ਨਹੀਂ ਦਿਤੇ ਗਏ।

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਆਮ ਲੋਕਾਂ ਤੇ ਦਲਿਤਾਂ ਦੀ ਵਿਰੋਧੀ ਦੱਸ ਕੇ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿੱਚ ਸਰਕਾਰੀ ਸਿੱਖਿਆ ਤੇ ਸਿਹਤ ਸਹੂਲਤਾਂ ਦਾ ਬੁਰਾ ਹਾਲ ਹੋਣ ਕਾਰਨ ਗ਼ਰੀਬ ਤੇ ਦਲਿਤ ਇਨ੍ਹਾਂ ਤੋਂ ਵਾਂਝੇ ਹੋ ਗਏ ਹਨ ਤੇ ਪੰਜਾਬ ਸਰਕਾਰ ਵੱਲੋਂ ਰਾਜ ਦੇ ਸਰਕਾਰੀ ਹਸਪਤਾਲਾਂ ਨੂੰ ਨਿੱਜੀ ਹੱਥਾਂ ਵਿੱਚ ਦਿੱਤਾ ਜਾ ਰਿਹਾ ਹੈ, ਜਿਸ ਨਾਲ ਉਹ ਗ਼ਰੀਬਾਂ ਅਤੇ ਦਲਿਤਾਂ ਦਾ ਜਿਊਣ ਦਾ ਹੱਕ ਖੋਹਣ ਲੱਗੀ ਹੈ। ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਪੰਜਾਬ ਦੇ ਲੋਕਾਂ ਨੂੰ ਕਰਜ਼ਾ ਮੁਆਫ਼ੀ, ਹਰ ਘਰ ਰੁਜ਼ਗਾਰ, ਪੈਨਸ਼ਨ ਤੇ ਸਮਾਰਟ ਫ਼ੋਨ ਦੇਣ ਦੇ ਝੂਠੇ ਵਾਅਦੇ ਨਾਲ ਸੱਤਾ ਵਿਚ ਆਏ ਸਨ, ਪ੍ਰੰਤੂ ਸਰਕਾਰ ਬਣਨ ਪਿੱਛੋਂ ਸਾਰੇ ਵਾਅਦਿਆਂ ਤੋਂ ਮੁੱਕਰ ਜਾਣ ਕਾਰਨ ਪੰਜਾਬ ਦੇ ਲੋਕ ਠੱਗਿਆ ਮਹਿਸੂਸ ਕਰਦੇ ਹਨ।

ਕੇਜਰੀਵਾਲ ਨੇ ਕਿਹਾ ਕਿ ਦਿੱਲੀ ਵਿਚ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਨੇ ਸਿੱਖਿਆ ਦੇ ਖੇਤਰ ਵਿੱਚ ਨਵੀਆਂ ਤਕਨੀਕਾਂ ਦੀ ਵਰਤੋਂ ਕਰਕੇ ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਤੋਂ ਵਧੀਆ ਬਣਾ ਦਿੱਤਾ ਤਾਂ ਗ਼ਰੀਬਾਂ ਤੇ ਦਲਿਤਾਂ ਦੇ ਬੱਚਿਆਂ ਨੂੰ ਸਹੂਲਤ ਮਿਲੀ ਅਤੇ ਪਿਛਲੇ ਸਾਲ ਦਿੱਲੀ ਦੇ ਸਰਕਾਰੀ ਸਕੂਲਾਂ ਦਾ ਨਤੀਜਾ ਪ੍ਰਾਈਵੇਟ ਸਕੂਲਾਂ ਤੋਂ ਚੰਗਾ ਆਇਆ ਅਤੇ 90 ਫੀਸਦੀ ਤੋਂ ਵੱਧ ਬੱਚੇ ਪਾਸ ਹੋਏ ਸਨ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਦੀ ਹਾਲਤ ਸੁਧਾਰੀ ਤਾਂ ਗ਼ਰੀਬਾਂ ਨੂੰ ਮੁਫ਼ਤ ਦਵਾਈਆਂ ਤੇ ਇਲਾਜ ਦੀ ਸਹੂਲਤ ਦੇ ਕੇ ਦਸ ਲੱਖ ਤੱਕ ਰੁਪਏ ਮੁਫ਼ਤ ਇਲਾਜ ਦਾ ਪ੍ਰਬੰਧ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਦਿੱਲੀ ਸਰਕਾਰ ਦੇ ਕੰਮਾਂ ਵਿੱਚ ਰੋਕਾਂ ਪਾਉਣ ਦੀ ਬੜੀ ਕੋਸ਼ਿਸ਼ ਕੀਤੀ, ਪ੍ਰੰਤੂ ਉਹ ਸਾਨੂੰ ਦਲਿਤਾਂ ਤੇ ਗ਼ਰੀਬਾਂ ਦੀ ਭਲਾਈ ਦੇ ਕੰਮ ਕਰਨ ਤੋਂ ਰੋਕ ਨਹੀਂ ਸਕੀ।

ਇਸ ਮੌਕੇ ਭਗਵਤ ਮਾਨ ਦੀ ਤਾਰੀਫ਼ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਲੋਕ ਸਭਾ ਵਿੱਚ ਲੋਕਾਂ ਦੀ ਆਵਾਜ਼ ਜ਼ੋਰ ਨਾਲ ਚੁੱਕਦੇ ਹਨ ਤੇ ਸੱਚੇ ਲੋਕ ਨੇਤਾ ਹੋਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਆਪਣਾ ਲੱਖਾਂ ਰੁਪਏ ਦੀ ਕਮਾਈ ਦਾ ਕਲਾਕਾਰ ਦਾ ਜੀਵਨ ਛੱਡ ਕੇ ਲੋਕ ਸੇਵਾ ਲਈ ਰਾਜਨੀਤੀ ਵਿਚ ਆਏ ਹਨ ਤੇ ਆਪਣਾ ਕੰਮ ਬਾਖ਼ੂਬੀ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ 2017 ਦੀਆਂ ਚੋਣਾਂ ਵਿੱਚ ਭਗਵੰਤ ਮਾਨ ਵੱਲੋਂ ਜਲਾਲਾਬਾਦ ਤੋਂ ਸੁਖਬੀਰ ਸਿੰਘ ਬਾਦਲ ਦੇ ਖ਼ਿਲਾਫ਼ ਚੋਣ ਲੜਨਾ ਉਨ੍ਹਾਂ ਦੀ ਲੋਕਾਂ ਵਾਸਤੇ ਵਫਾ ਦਾ ਪ੍ਰਗਟਾਵਾ ਸੀ, ਸੁਖਬੀਰ ਸਿੰਘ ਬਾਦਲ ਪੰਜਾਬ ਦਾ ਸਭ ਤੋਂ ਹੰਕਾਰੀ ਵਿਅਕਤੀ ਹੈ ਅਤੇ ਭਗਵੰਤ ਮਾਨ ਨੇ ਉਸ ਦਾ ਹੰਕਾਰ ਤੋੜਨ ਲਈ ਚੋਣ ਲੜੀ ਸੀ, ਪ੍ਰੰਤੂ ਅਕਾਲੀ ਦਲ ਅਤੇ ਕਾਂਗਰਸ ਦੀ ਅੰਦਰੂਨੀ ਮਿਲੀਭੁਗਤ ਕਾਰਨ ਉਹ ਜਿੱਤ ਨਹੀਂ ਸਕੇ।

ਅੱਜ ਦੀ ਰੈਲੀ ਦੌਰਾਨ ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਸੰਬੋਧਨ ਕਰਦੇ ਹੋਏ ਵਿਰੋਧੀ ਧਿਰਾਂ ਨੂੰ ਰੱਜ ਕੇ ਖਰੀ-ਖੋਟੀ ਸੁਣਾਈ। ਉਨ੍ਹਾਂ ਕਿਹਾ ਕਿ ਝਾੜੂ ਦੇ 2-3 ਤੀਲੇ ਨਿਕਲ ਜਾਣ ਨਾਲ ਝਾੜੂ ਨੂੰ ਫ਼ਰਕ ਨਹੀਂ ਪੈਂਦਾ, ਪਰ ਪੰਜਾ ਇਕ ਉਂਗਲ ਬਿਨਾਂ ਵੀ ਪੰਜਾ ਨਹੀਂ ਰਹਿਣਾ ਅਤੇ ਤੱਕੜੀ ਦੀ ਇਕ ਰੱਸੀ ਟੁੱਟੀ ਤਾਂ ਤੱਕੜੀ ਨਹੀਂ ਹੋਣੀ। ਇਸ ਲਈ ਜਿਹੜੇ ਝਾੜੂ ਦੇ ਖਿਲਰਨ ਦੀਆਂ ਗੱਲਾਂ ਕਰਦੇ ਹਨ, ਪਹਿਲਾਂ ਪੀੜ੍ਹੀ ਹੇਠ ਸੋਟਾ ਮਾਰ ਲੈਣ।

ਇਸ ਮੌਕੇ ਖਾਸ ਐਲਾਨ ਕਰਦਿਆਂ ਮਾਨ ਨੇ ਕਿਹਾ ਕਿ 'ਮੈਂ ਪੰਜਾਬ ਖਾਤਰ ਸਦਾ ਲਈ ਸ਼ਰਾਬ ਦਾ ਫਾਹ ਵੱਢ ਦਿਤਾ ਹੈ ਤੇ ਆਪਣੀ ਮਾਂ ਦੇ ਸਾਹਮਣੇ ਵਾਅਦਾ ਕਰਦਾ ਹਾਂ ਕਿ ਅੱਜ ਤੋਂ ਤਨੋਂ, ਮਨੋਂ ਅਤੇ ਧਨੋਂ 24 ਘੰਟੇ ਪੰਜਾਬ ਦੀ ਸੇਵਾ ਵਿੱਚ ਰਹਾਂਗਾ'। ਆਮ ਆਦਮੀ ਪਾਰਟੀ ਦੀ ਰੈਲੀ ਵਿੱਚ ਭਗਵੰਤ ਮਾਨ ਨੇ ਠਾਠਾਂ ਮਾਰਦੇ ਇਕੱਠ ਅੱਗੇ ਜਦੋਂ ਇਹ ਐਲਾਨ ਕੀਤਾ ਤਾਂ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਫ਼ਿਜ਼ਾ ਗੂੰਜ ਉੱਠੀ। ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਪ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਤੇ ਪੰਜਾਬ ਦੀਆਂ ਸਾਰੀ ਲੀਡਰਸ਼ਿਪ ਦੀ ਹਾਜ਼ਰੀ ਵਿੱਚ ਭਗਵੰਤ ਮਾਨ ਨੇ ਭਾਵੁਕ ਅੰਦਾਜ਼ ਵਿੱਚ ਕਿਹਾ, 'ਮੈਂ ਬਾਦਲਾਂ, ਕਾਂਗਰਸੀਆਂ ਤੇ ਭਾਜਪਾ ਵਾਲਿਆਂ ਦੀ ਅੱਖ ਵਿੱਚ ਰੜਕਦਾ ਹਾਂ। ਮੇਰੇ ਵਿਰੁੱਧ ਸਾਰੇ ਇਕੱਠੇ ਹੋ ਕੇ ਸਾਜ਼ਿਸ਼ਾਂ ਰਚਦੇ ਅਤੇ ਪੁਰਾਣੀਆਂ ਵੀਡੀਓ ਕੱਢ ਕੇ ਕਹਿੰਦੇ ਹਨ ਕਿ ਮਾਨ ਸ਼ਰਾਬ ਪੀਂਦਾ ਹੈ।' ਉਸ ਨੇ ਕਿਹਾ ਕਿ ਉਹ ਕਲਾਕਾਰ ਸੀ ਅਤੇ ਕਲਾਕਾਰਾਂ ਦੀਆਂ ਦੁਨੀਆਂ ਵਿੱਚ ਸ਼ਰਾਬ ਵਗੈਰਾ ਚੱਲਦੀ ਸੀ, ਪਰ ਮੈਨੂੰ ਹੱਦੋਂ ਵੱਧ ਬਦਨਾਮ ਕੀਤਾ ਜਾਣ ਲੱਗਾ ਸੀ। ਮੈਂ ਇਸ ਵਿੱਚ ਨਹੀਂ ਪੈਣਾ ਚਾਹੁੰਦਾ ਕਿ ਇਨ੍ਹਾਂ ਨੂੰ ਪੁੱਛੋ ਕਿ ਤੁਸੀਂ ਨਹੀਂ ਪੀਂਦੇ, ਪਰ ਮੇਰੀ ਮਾਂ ਨੇ ਟੀ ਵੀ ਉੱਤੇ ਇਨ੍ਹਾਂ ਨੂੰ ਮੇਰੀ ਬਦਨਾਮੀ ਕਰਦੇ ਸੁਣ ਕੇ ਕਿਹਾ ਕਿ 'ਵੇ ਪੁੱਤ, ਪੰਜਾਬ ਖ਼ਾਤਰ ਜਿੱਥੇ ਸਭ ਕੁੱਝ ਛੱਡੀ ਫਿਰਦਾ ਹੈਂ, ਦਾਰੂ ਦਾ ਵੀ ਫਾਹਾ ਵੱਢ ਪਰ੍ਹਾ।' ਮਾਂ ਦੇ ਕਹੇ ਉੱਤੇ ਮੈਂ ਇਰਾਦਾ ਪੱਕਾ ਕਰ ਲਿਆ ਕਿ ਦਾਰੂ ਦਾ ਸਦਾ ਲਈ ਫਾਹਾ ਵੱਢ ਦਿੱਤਾ ਜਾਵੇ, ਤਾਂ ਕਿ ਇਨ੍ਹਾਂ ਕੋਲ ਮੈਨੂੰ ਤੇ ਮੇਰੀ ਪਾਰਟੀ ਨੂੰ ਬਦਨਾਮ ਕਰਨ ਦਾ ਮੌਕਾ ਨਾ ਰਹੇ। ਅੱਜ ਮੈਂ ਤੁਹਾਡੇ ਸਾਰਿਆਂ ਨਾਲ ਵਾਅਦਾ ਕਰਦਾ ਹਾਂ ਕਿ ਪੰਜਾਬ ਤੇ ਤੁਸੀਂ ਪੰਜਾਬ ਦੇ ਲੋਕ ਹੀ ਮੇਰੀ ਦਾਰੂ ਹੋ।' ਇਸ ਨਾਲ ਫਿਰ ਪੰਡਾਲ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਗੂੰਜ ਪਿਆ। ਮਾਨ ਨੇ ਆਪਣੇ ਅੰਦਾਜ਼ ਵਿੱਚ ਕਿਹਾ ਕਿ ਸਵੇਰ ਦਾ ਭੁੱਲਿਆ ਸ਼ਾਮ ਤੱਕ ਮੁੜ ਆਵੇ ਤਾਂ ਭੁੱਲਿਆ ਨਹੀਂ ਕਹਿੰਦੇ, ਮੈਂ ਸ਼ਾਮ ਨਹੀਂ ਹੋਣ ਦਿੱਤੀ, ਦੁਪਹਿਰੇ ਹੀ ਮੁੜ ਆਇਆ ਹਾਂ।

## ਡੀ ਜੀ ਪੀ ਦੇ ਸੇਵਾ ਵਾਧੇ ਬਾਰੇ ਕੈਪਟਨ ਨੇ ਖਹਿਰਾ ਨੂੰ ਦੋਸ਼ ਸਾਬਤ ਕਰਨ ਦੀ ਚੁਣੌਤੀ ਦਿੱਤੀ



ਚੰਡੀਗੜ੍ਹ, 20 ਜਨਵਰੀ, (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦੀ ਚੋਣ ਲਈ ਯੂ ਪੀ ਐੱਸ ਸੀ ਨੂੰ ਪੈਨਲ ਭੇਜਣ ਪਿੱਛੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੁਖਪਾਲ ਸਿੰਘ ਖਹਿਰਾ ਦੀ ਨੁਕਤਾਚੀਨੀ ਕੀਤੀ ਹੈ।

ਵਰਨਣ ਯੋਗ ਹੈ ਕਿ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਸੀ ਕਿ ਪੰਜਾਬ ਸਰਕਾਰ ਵੀ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੀ ਰਾਹ ਉੱਤੇ ਚੱਲ ਰਹੀ ਹੈ ਅਤੇ ਡੀ ਜੀ ਪੀ ਸੁਰੇਸ਼ ਅਰੋੜਾ ਨੂੰ ਐਕਸਟੈਂਸ਼ਨ ਦੇਣ ਵਿਚ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਲ ਦਾ ਹੱਥ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਤੋਂ ਬੇਇੱਜ਼ਤ ਕਰ ਕੇ ਕੱਢੇ ਜਾਣ ਪਿੱਛੋਂ ਸੁਖਪਾਲ ਸਿੰਘ ਖਹਿਰਾ ਅੱਜਕੱਲ੍ਹ ਜਨਤਕ ਤੌਰ ਉਤੇ ਭੱਲ ਖੱਟਣ ਦੀ ਹਰ ਚਾਲ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਖਹਿਰਾ ਵੱਲੋਂ ਲਾਏ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਹਨ ਤੇ ਇਨ੍ਹਾਂ ਨਾਲ ਸਿਆਸੀ ਕਦਰਾਂ-ਕੀਮਤਾਂ ਨੂੰ ਠੇਸ ਲਾਉਣ ਦੀ ਝਲਕ ਮਿਲੀ ਹੈ। ਅਮਰਿੰਦਰ ਸਿੰਘ ਨੇ ਕਿਹਾ ਕਿ ਖਹਿਰਾ ਕਿਸੇ ਗੱਲ ਦੀ ਤਹਿ ਤਕ ਜਾਏ ਬਿਨਾਂ ਫੋਕੇ ਬਿਆਨ ਦਾਗਣ ਦੀ ਆਦਤ ਦਾ ਸ਼ਿਕਾਰ ਹਨ, ਉਹ ਲਾਏ ਗਏ ਦੋਸ਼ ਸਾਬਤ ਕਰਨ ਜਾਂ ਸਿਆਸਤ ਛੱਡ ਜਾਣ।

ਇਸ ਮੌਕੇ ਪੰਜਾਬ ਪੁਲਿਸ ਦੀ ਕਾਰਗੁਜ਼ਾਰੀ ਬਾਰੇ ਸੁਖਪਾਲ ਸਿੰਘ ਖਹਿਰਾ ਦੇ ਬਿਆਨ ਉੱਤੇ ਮੁੱਖ ਮੰਤਰੀ ਨੇ ਕਿਹਾ ਕਿ ਡੀ ਜੀ ਪੀ ਸੁਰੇਸ਼ ਅਰੋੜਾ ਨੇ ਐਕਸਟੈਂਸ਼ਨ ਪਹਿਲਾਂ ਹੀ ਨਹੀਂ ਮੰਨੀ ਤੇ ਰਾਜ ਸਰਕਾਰ ਨੇ ਨਵੇਂ ਅਫਸਰ ਦੀ ਨਿਯੁਕਤੀ ਲਈ ਆਪਣਾ ਪੈਨਲ ਭੇਜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਦੇ ਕੰਮ-ਕਾਜ਼ ਜਾਂ ਲੋਕਤੰਤਰੀ ਢੰਗ ਨਾਲ ਚੁਣੀ ਸਰਕਾਰ ਦੇ ਕੰਮਾਂ ਬਾਰੇ ਖਹਿਰਾ ਨੂੰ ਕੁਝ ਨਹੀਂ ਪਤਾ।

## ਟਰੰਪ ਤੇ ਕਿਮ ਜੋਂਗ ਉਨ ਫਰਵਰੀ ਵਿੱਚ ਫਿਰ ਮਿਲਣਗੇ

ਵਾਸ਼ਿੰਗਟਨ, 20 ਜਨਵਰੀ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਦੀ ਦੂਜੀ ਸਿਖਰ ਵਾਰਤਾ ਦੀ ਤਿਆਰੀ ਹੋ ਗਈ ਹੈ। ਦੋਵੇਂ ਆਗੂ ਫਰਵਰੀ ਦੇ ਅੰਤ ਵਿੱਚ ਫਿਰ ਮਿਲਣਗੇ ਤੇ ਉੱਤਰੀ ਕੋਰੀਆ ਦੀ ਐਟਮੀ ਹਥਿਆਰਬੰਦੀ ਬਾਰੇ ਗੱਲਬਾਤ ਨੂੰ ਅੱਗੇ ਵਧਾਉਣਗੇ।

ਡੋਨਾਲਡ ਟਰੰਪ ਤੇ ਕਿਮ ਜੋਂਗ ਉਨ ਦੀ ਦੂਸਰੀ ਮੁਲਾਕਾਤ ਦਾ ਐਲਾਨ ਅਮਰੀਕਾ ਦੇ ਰਾਸ਼ਟਰਪਤੀ ਭਵਨ ਵ੍ਹਾਈਟ ਹਾਊਸ ਨੇ ਕੀਤਾ ਹੈ, ਪਰ ਇਸ ਵਿੱਚ ਮੀਟਿੰਗ ਦੇ ਥਾਂ ਬਾਰੇ ਨਹੀਂ ਦੱਸਿਆ। ਮੀਡੀਆ ਦੀਆਂ ਖ਼ਬਰਾਂ ਮੁਤਾਬਕ ਵੀਅਤਨਾਮ ਦੀ ਰਾਜਧਾਨੀ ਹਨੋਈ ਜਾਂ ਤੱਟੀ ਸ਼ਹਿਰ ਦਨਾਂਗ ਵਿੱਚ ਸਿਖ਼ਰ ਵਾਰਤਾ ਦੀਆਂ ਤਿਆਰੀਆਂ ਜਾਰੀ ਹਨ। ਟਰੰਪ ਤੇ ਕਿਮ ਦੀ ਪਹਿਲੀ ਬੈਠਕ ਪਿਛਲੇ ਸਾਲ ਜੂਨ ਵਿੱਚ ਸਿੰਗਾਪੁਰ ਵਿੱਚ ਹੋਈ ਸੀ। ਇਸ ਵਿੱਚ ਕੋਰੀਅਨ ਖਿੱਤੇ ਨੂੰ ਐਟਮੀ ਹਥਿਆਰਾਂ ਤੋਂ ਮੁਕਤ ਕਰਨ ਦੀ ਸਹਿਮਤੀ ਬਣੀ ਸੀ, ਪਰ ਇਸ ਬਾਰੇ ਖ਼ਾਸ ਤਰੱਕੀ ਨਹੀਂ ਹੋਈ। ਦੂਸਰੀ ਵਾਰਤਾ ਦਾ ਐਲਾਨ ਸ਼ੁੱਕਰਵਾਰ ਨੂੰ ਟਰੰਪ ਤੇ ਉੱਤਰੀ ਕੋਰੀਆ ਦੇ ਦੂਤ ਕਿਮ ਜੋਂਗ ਚੋਲ ਦੀ ਮਿਲਣੀ ਪਿੱਛੋਂ ਕੀਤਾ ਗਿਆ ਹੈ। ਵ੍ਹਾਈਟ ਹਾਊਸ ਦੀ ਬੁਲਾਰਾ ਸਾਰਾ ਸੈਂਡਰਸ ਨੇ ਕਿਹਾ, 'ਰਾਸ਼ਟਰਪਤੀ ਟਰੰਪ ਅਤੇ ਚੋਲ ਦੀ ਕਰੀਬ ਡੇਢ ਘੰਟੇ ਦੀ ਬੈਠਕ ਵਿੱਚ ਐਟਮੀ ਹਥਿਆਰਬੰਦੀ ਤੇ ਦੂਜੀ ਸਿਖਰ ਵਾਰਤਾ ਦੀ ਚਰਚਾ ਹੋਈ ਹੈ, ਜਿਹੜੀ ਫਰਵਰੀ ਦੇ ਅਖ਼ੀਰ ਵਿੱਚ ਹੋਵੇਗੀ। ਰਾਸ਼ਟਰਪਤੀ ਟਰੰਪ ਖੁਦ ਵੀ ਕਿਮ ਜੋਂਗ ਉਨ ਨੂੰ ਮਿਲਣ ਲਈ ਉਤਾਵਲੇ ਹਨ। ਉਨ੍ਹਾਂ ਦੇ ਮਿਲਣ ਦੇ ਸਥਾਨ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ।' ਸਿੰਗਾਪੁਰ ਸਿਖਰ ਵਾਰਤਾ ਵਿੱਚ ਐਟਮੀ ਮਸਲੇ 'ਤੇ ਦੋਵਾਂ ਦੇਸ਼ਾਂ ਵਿੱਚ ਵਾਰਤਾ ਜਾਰੀ ਰੱਖਣ ਬਾਰੇ ਸਹਿਮਤੀ ਬਣੀ ਸੀ, ਪਰ ਬਾਅਦ ਵਿੱਚ ਰੇੜਕੇ ਕਾਰਨ ਗੱਲਬਾਤ ਰੁਕ ਗਈ ਸੀ। ਨਵੇਂ ਸਾਲ ਮੌਕੇ ਕਿਮ ਦੇ ਬਿਆਨ ਪਿੱਛੋਂ ਅਮਰੀਕਾ ਅਤੇ ਉੱਤਰੀ ਕੋਰੀਆ ਦਾ ਫਿਰ ਸੰਪਰਕ ਹੋਇਆ। ਕਿਮ ਨੇ ਆਪਣੇ ਸੰਬੋਧਨ ਵਿੱਚ ਟਰੰਪ ਨੂੰ ਫਿਰ ਮਿਲਣ ਦੀ ਇੱਛਾ ਪ੍ਰਗਟ ਕੀਤੀ ਸੀ। ਇਸੇ ਲਈ ਉਨ੍ਹਾਂ ਦੇ ਦੂਤ ਵਾਸ਼ਿੰਗਟਨ ਪਹੁੰਚੇ ਸਨ।

## ਯੂ ਐੱਨ ਨੇ ਭਾਰਤ-ਪਾਕਿ ਨੂੰ ਗੱਲਬਾਤ ਨਾਲ ਮਸਲੇ ਸੁਲਝਾਉਣ ਨੂੰ ਕਿਹਾ

ਯੂ ਐੱਨ, 20 ਜਨਵਰੀ, (ਪੋਸਟ ਬਿਊਰੋ)- ਯੂ ਐੱਨ ਓ ਦੇ ਸਕੱਤਰ ਜਨਰਲ ਐਂਟੋਨੀਓ ਗੁਤਰਸ ਨੇ ਆਸ ਪ੍ਰਗਟ ਕੀਤੀ ਹੈ ਕਿ ਭਾਰਤ ਤੇ ਪਾਕਿਸਤਾਨ ਆਪਸੀ ਮਸਲਿਆਂ ਨੂੰ ਸੁਲਝਾਉਣ ਲਈ ਸਾਰਥਕ ਗੱਲਬਾਤ ਕਰਨਗੇ। ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚਾਲੇ ਗੱਲਬਾਤ ਵਿਚ ਮਦਦ ਕਰਨ ਦੀ ਪੇਸ਼ਕਸ਼ ਵੀ ਕੀਤੀ ਹੈ। ਯੂ ਐੱਨ ਦੇ ਮੁਖੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਇਸ ਵਿਚ ਹਾਲੇ ਤਕ ਸਫਲਤਾ ਦੇ ਕੋਈ ਸੰਕੇਤ ਨਹੀਂ ਮਿਲੇ।

ਨਿਊਯਾਰਕ ਵਿੱਚ ਯੂ ਐੱਨ ਹੈੱਡਕੁਆਰਟਰ ਵਿਚ ਗੁਤਰਸ ਨੇ ਪੱਤਰਕਾਰਾਂ ਨੂੰ ਕਿਹਾ ਕਿ ਅੰਤਰਰਾਸ਼ਟਰੀ ਮੁੱਦਿਆਂ ਦੇ ਪੱਖ ਤੋਂ ਭਾਰਤ ਅਤੇ ਪਾਕਿਸਤਾਨ ਦੋਵੇਂ ਮਹੱਤਵ ਰੱਖਦੇ ਹਨ। ਮੈਨੂੰ ਆਸ ਹੈ ਕਿ ਦੋਵੇਂ ਦੇਸ਼ ਅਰਥ ਭਰਪੂਰ ਗੱਲਬਾਤ ਕਰਨਗੇ। ਉਨ੍ਹਾਂ ਦਾ ਇਹ ਜਵਾਬ ਦੋਵਾਂ ਦੇਸ਼ਾਂ ਵਿਚਾਲੇ ਗੱਲਬਾਤ ਬਾਰੇ ਵਿਚ ਪੁੱਛੇ ਸਵਾਲ ਉੱਤੇ ਆਇਆ ਹੈ। ਕਸ਼ਮੀਰ ਦੇ ਬਾਰੇ ਪੁੱਛੇ ਜਾਣ ਉੱਤੇ ਯੂ ਐੱਨ ਦੇ ਮੁਖੀ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਾਰੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਪਿੱਛੇ ਜਿਹੇ ਵਿਸਥਾਰਤ ਰਿਪੋਰਟ ਦਿੱਤੀ ਹੈ। ਇਸ ਲਈ ਯੂ ਐੱਨ ਨੇ ਉਸ ਬਾਰੇ ਆਪਣਾ ਕੰਮ ਸਪੱਸ਼ਟ ਕੀਤਾ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

"Quality is our strength."

SKYDOME GROUP OF COMPANIES

MINISTRY APPROVED SALVAGE INSPECTION STATION

WE DEAL WITH ALL INSURANCE COMPANIES

Body Centre

Specializing in:
- Collision • Custom Painting
- Mechanical Service
- Frame & Unibody Repair
- Insurance Claims Welcome

Inderjit Singh Lic. Auto Body Technician/Lic. Mec.

Daljit Singh
President

308 Rutherford Road Brampton

905-874-9878

Skydome Emission & Allignment Centre Inc.

210 Rutherford Rd., Brampton

905-450-9878

WE SELL QUALITY USED CARS

STAFFORD TRUCK CENTRE
30 Stafford Dr., Brampton, Tel: 905-460-1414

HEAD OFFICE: 905-874-9878
Toll Free: 1-877-799-9878, www.skydomeauto.ca

Paramjit Deol
Broker

CELL: 416-993-7378

7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

Business for Sale

TORONTO $99,000
2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।

HALTON HILLS $179,000
148 Guelph St : ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਬ੍ਰੈਂਡਡ ਪਿਜ਼ਾ ਸ਼ਾਪ ਜੋਰਜ ਟਾਊਨ ਵਿੱਚ, ਸਕੂਲ ਦੇ ਨੇੜੇ, ਬਹੁਤ ਹੀ ਘੱਟ ਰੈਂਟ ਸਿਰਫ $2,978, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸੁਰੂ ਕਰੋ।

BRAMPTON $199,000
545 Steeles Ave W : ਬਹੁਤ ਹੀ ਵਧੀਆ ਚੱਲ ਰਿਹਾ ਰੈਸਟੋਰੈਂਟ, ਸ਼ਵਰਮਾ ਹਾਊਸ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੌ, ਸ਼ੇਰਿਡਨ ਕਾਲਜ ਦੇ ਨੇੜੇ, 2009 ਤੋਂ ਚਲ ਰਿਹਾ ਬਹੁਤ ਹੀ ਘੱਟ ਰੈਂਟ, $2,500 ਤੇ ਸੇਲ $30,00 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ

BRAMPTON $199,000
8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ਼੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੌਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

MISSISSAUGA $229,000
2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੌਂ, ਅੱਜ ਹੀ ਕਾਲ ਕਰੋ।

BRAMPTON $240,000
15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੌਂ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।

BRAMPTON $369,000
15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

House for Sale

BRANTFORD $525,000
118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

WOODSTOCK $599,900
703 Spitfire St: ਬਰੈਂਟਫੋਰਡ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4+2 ਬੈਡਰੂਮ ਅਤੇ 4 ਵਾਸ਼ਰੂਮ ਘਰ। ਮਾਡਰਨ ਕਿਚਨ, ਮਾਸਟਰ ਬੈਡਰੂਮ ਨੂੰ 5 ਪਿਸ ਇੰਸੂਟ, ਸਟੇਨਲੈਸ ਸਟੀਲ ਅਪਲਾਂਇੰਸਸ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $699,900
3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੁਡ ਫਲੋਰ, ਫਿਨੀਸ਼ਡ ਬੈਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।

BRAMPTON $789,000
29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

BRAMPTON $179,000
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੁਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $899,000
Keele / Finch / York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $910,000
18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੁਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੁਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਐਕਸਾਈਜ਼ ਵਿਭਾਗ ਦੇ ਛਾਪੇ ਵੇਲੇ ਭੱਜਣ ਦੀ ਕੋਸ਼ਿਸ਼ ਕਰਦੇ ਇੱਕ ਜਣੇ ਦੀ ਮੌਤ



ਮਲੌਦ, 20 ਜਨਵਰੀ (ਪੋਸਟ ਬਿਊਰੋ)- ਥਾਣਾ ਮਲੌਦ ਦੇ ਪਿੰਡ ਗੋਸਲ ਦੇ ਕਾਂਗਰਸ ਨਾਲ ਸੰਬੰਧਤ ਨੌਜਵਾਨ ਇਕਬਾਲ ਸਿੰਘ ਪੁੱਤਰ ਸਾਬਕਾ ਪੰਚ ਅਜੀਤ ਸਿੰਘ ਦੇ ਘਰ ਠੇਕੇਦਾਰਾਂ ਵੱਲੋਂ ਐਕਸਾਈਜ਼ ਵਿਭਾਗ ਤੇ ਮਲੌਦ ਪੁਲਸ ਨਾਲ ਛਾਪੇਮਾਰੀ ਕੀਤੀ ਗਈ। ਪਤਾ ਲੱਗਾ ਹੈ ਕਿ ਓਥੋਂ 10 ਪੇਟੀਆਂ ਸ਼ਰਾਬ ਬਰਾਮਦ ਹੋਈ, ਪਰ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕਰ ਰਹੇ ਇਕਬਾਲ ਸਿੰਘ ਦੇ ਪਿਤਾ ਅਜੀਤ ਸਿੰਘ ਦੀ ਮੌਤ ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਛਾਪਾ ਪੈਣ 'ਤੇ ਇਕਬਾਲ ਸਿੰਘ ਅਤੇ ਅਜੀਤ ਸਿੰਘ ਨੇ ਘਰ ਦੀ ਛੱਤ ਤੋਂ ਪਿਛਲੇ ਪਾਸੇ ਛਾਲ ਮਾਰ ਕੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਛਾਲ ਮਾਰਨ ਪਿੱਛੋਂ ਅਜੀਤ ਸਿੰਘ ਜਦੋਂ ਦੂਸਰੀ ਕੰਧ ਟੱਪਣ ਲੱਗਾ ਤਾਂ ਡਿੱਗ ਪਿਆ। ਉਸ ਨੂੰ ਚੁੱਕ ਕੇ ਅਹਿਮਦਗੜ੍ਹ ਦੇ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਡਾਕਟਰਾਂ ਵੱਲੋਂ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਮੌਤ ਦਾ ਕਾਰਨ ਦਿਲ ਦਾ ਦੌਰਾ ਜਾਂ ਡਿੱਗਣ ਨਾਲ ਸੱਟ ਲੱਗਣਾ ਦੱਸਿਆ ਗਿਆ ਹੈ।

ਇਸ ਸੰਬੰਧ ਵਿੱਚ ਪਹਿਲਾਂ ਪੁਲਸ 'ਤੇ ਦਬਾਅ ਬਣਾਉਣ ਲਈ ਪਰਵਾਰ ਅਤੇ ਸੰਬੰਧੀਆਂ ਵੱਲੋਂ ਲਾਸ਼ ਸ਼ਹਿਰ ਵਿੱਚ ਰੱਖ ਕੇ ਧਰਨਾ ਲਗਾਉਣ ਦੇ ਚਰਚੇ ਸਨ, ਜਿਸ ਕਾਰਨ ਮਲੌਦ ਦੇ ਹਰ ਚੌਕ ਅਤੇ ਠੇਕੇ ਦੇ ਬਾਹਰ ਪੁਲਸ ਫੋਰਸ ਲਾਈ ਗਈ ਸੀ।

## ਆਦਮਪੁਰ ਕੌਂਸਲ ਦੇ ਪ੍ਰਧਾਨ ਵਿਰੁੱਧ ਬੇਭਰੋਸਗੀ ਦਾ ਨੋਟੀਫਿਕੇਸ਼ਨ

ਆਦਮਪੁਰ ਦੋਆਬਾ, 20 ਜਨਵਰੀ (ਪੋਸਟ ਬਿਊਰੋ)- ਨਗਰ ਕੌਂਸਲ ਆਦਮਪੁਰ ਦੇ ਪ੍ਰਧਨ ਪਵਿੱਤਰ ਸਿੰਘ ਨੂੰ ਪ੍ਰਧਾਨਗੀ ਤੋਂ ਲਾਹੁਣ ਲਈ ਵਿਭਾਗ ਨੇ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਬੇਸ਼ੱਕ ਅਧਿਕਾਰੀਆਂ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ, ਪਰ ਨੋਟੀਫਿਕੇਸ਼ਨ ਦੀ ਕਾਪੀ ਮੀਡੀਆ ਦੇ ਹੱਥ ਲੱਗ ਗਈ ਹੈ। ਮਿਲੀ ਜਾਣਕਾਰੀ ਅਨੁਸਾਰ ਨਗਰ ਕੌਂਸਲ ਆਦਮਪੁਰ ਦੇ ਪ੍ਰਧਾਨ ਨੂੰ ਅਹੁਦੇ ਤੋਂ ਲਾਹੁਣ ਲਈ ਪ੍ਰਿੰਸੀਪਲ ਸੈਕਟਰੀ ਲੋਕਲ ਬਾਡੀਜ਼ ਵਿਭਾਗ ਚੰਡੀਗੜ੍ਹ ਵੱਲੋਂ ਜਾਰੀ ਨੋਟੀਫਿਕੇਸ਼ਨ ਬਾਰੇ ਰਿਜ਼ਨਲ ਡਿਪਟੀ ਡਾਇਰੈਕਟਰ ਲੋਕਲ ਬਾਡੀਜ਼ ਨੇ ਨਗਰ ਕੌਂਸਲ ਆਦਮਪੁਰ ਦੇ ਕਾਰਜ ਸਾਧਕ ਅਫਸਰ ਨੂੰ ਪੱਤਰ ਰਾਹੀਂ ਨੋਟੀਫਿਕੇਸ਼ਨ ਦੀ ਤੁਰੰਤ ਪਾਲਣਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਹੈ। ਇਸ ਦੇ ਅਨੁਸਾਰ ਦਰਸ਼ਨ ਸਿੰਘ ਕਰਵਲ ਅਤੇ ਹੋਰਾਂ ਵੱਲੋਂ ਮਿਲੀ ਸ਼ਿਕਾਇਤ ਅਨੁਸਾਰ ਪ੍ਰਧਾਨ ਨਗਰ ਕੌਂਸਲ ਆਦਮਪੁਰ ਨੇ 17 ਜੁਲਾਈ 2017 ਨੂੰ ਅਹੁਦਾ ਸੰਭਾਲਣ ਪਿੱਛੋਂ ਨਗਰ ਕੌਂਸਲ ਦੀ ਕੋਈ ਮੀਟਿੰਗ ਨਹੀਂ ਕੀਤੀ ਅਤੇ ਨਾ ਸ਼ਹਿਰ ਦਾ ਕੋਈ ਕੰਮ ਕੀਤਾ ਹੈ। ਇਸ ਨੋਟੀਫਿਕੇਸ਼ਨ ਅਨੁਸਾਰ 29 ਸਤੰਬਰ 2017 ਅਤੇ 22 ਦਸੰਬਰ 2017 ਦੀ ਮੀਟਿੰਗ ਦੌਰਾਨ ਵਿਰੋਧ ਕਾਰਨ ਕੋਈ ਮਤਾ ਪਾਸ ਨਹੀਂ ਹੋ ਸਕਿਆ, ਜਦੋਂ ਕਿ 10 ਜਨਵਰੀ 2018 ਦੀ ਮੀਟਿੰਗ ਮੁਲਤਵੀ ਕਰ ਦਿੱਤੀ ਗਈ। ਇਸੇ ਤਰ੍ਹਾਂ 19 ਮਾਰਚ 2018 ਨੂੰ ਬਜਟ ਸੰਬੰਧੀ ਮੀਟਿੰਗ ਵਿੱਚ ਵਿਰੋਧ ਕਾਰਨ ਬਜਟ ਪਾਸ ਨਹੀਂ ਹੋ ਸਕਿਆ।

# ਪੰਜਾਬ ਦੇ ਪੁਲਸ ਮੁਖੀ ਸੁਰੇਸ਼ ਅਰੋੜਾ ਆਪਣੇ ਕਾਰਜਕਾਲ ਦੇ ਵਾਧੇ ਤੋਂ ਖੁਸ਼ ਨਹੀਂ



ਚੰਡੀਗੜ੍ਹ, 20 ਜਨਵਰੀ, (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਸੁਰੇਸ਼ ਅਰੋੜਾ ਦੇ ਅਹੁਦੇ ਦੀ ਮਿਆਦ ਵਿਚ ਵਾਧਾ ਕੀਤੇ ਜਾਣ ਨਾਲ ਛਿੜੇ ਵਿਵਾਦ ਦੇ ਬਾਅਦ ਉਨ੍ਹਾਂ ਨੇ ਅਹੁਦਾ ਛੱਡਣ ਦੀ ਇੱਛਾ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਆਪਣੀ ਸੇਵਾਮੁਕਤੀ ਲਈ ਚਿੱਠੀ ਲਿਖ ਦਿੱਤੀ ਦੱਸੀ ਜਾਂਦੀ ਹੈ।

ਮਿਲੀ ਸਕੀ ਜਾਣਕਾਰੀ ਮੁਤਾਬਕ ਡੀ ਜੀ ਪੀ ਸੁਰੇਸ਼ ਅਰੋੜਾ ਨੇ ਕਾਂ-ਗਰਸ ਪਾਰਟੀ ਦੇ ਆਗੂਆਂ ਵਿਚ ਆਪਣੇ ਬਾਰੇ ਵਧ ਰਹੇ ਵਿਰੋਧ ਨੂੰ ਦੇਖਦੇ ਹੋਏ ਆਪਣੇ ਕਾਰਜਕਾਲ ਦਾ ਵਾਧਾ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਦੋ ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣਦੇ ਸਾਰ ਡੀ ਜੀ ਪੀ ਸੁਰੇਸ਼ ਅਰੋੜਾ ਦੇ ਹਟਾਉਣ ਲਈ ਗੱਲਾਂ ਚੱਲ ਪਈਆਂ ਸਨ, ਪਰ ਮੁਖ ਮੰਤਰੀ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਹਟਾਉਣ ਦੀ ਥਾਂ ਕੰਮ ਕਰਦੇ ਰਹਿਣ ਨੂੰ ਕਿਹਾ ਸੀ ਤੇ ਜਦੋਂ ਉਨ੍ਹਾਂ ਦੀ ਸੇਵਾ ਮੁਕਤੀ ਹੋਣ ਵਾਲੀ ਸੀ ਤਾਂ ਉਨ੍ਹਾਂ ਦੇ ਕਾਰਜਕਾਲ ਵਿਚ ਵਾਧਾ ਕਰਾਉਣ ਦੇ ਲਈ ਕੇਂਦਰ ਸਰਕਾਰ ਨੂੰ ਸਿਫ਼ਾਰਸ਼ਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਦੇ ਨਤੀਜੇ ਵਜੋਂ ਡੀ ਜੀ ਪੀ ਸੁਰੇਸ਼ ਅਰੋੜਾ ਨੂੰ ਪਹਿਲਾਂ ਤਿੰਨ ਮਹੀਨੇ ਲਈ ਅਤੇ ਫਿਰ ਇਸ ਸਾਲ ਵਿੱਚ ਹੋਰ 9 ਮਹੀਨੇ ਦਾ ਵਾਧਾ ਮਿਲ ਗਿਆ ਸੀ।

ਜਦੋਂ ਇਹ ਤਾਜ਼ਾ ਵਾਧਾ ਮਿਲਿਆ ਤਾਂ ਪਤਾ ਲੱਗਾ ਕਿ ਭਾਵੇਂ ਇਸ ਦੇ ਲਈ ਸਿਫਾਰਸ਼ ਮੁੱਖ ਮੰਤਰੀ ਨੇ ਖੁਦ ਕੀਤੀ ਸੀ, ਪਰ ਵਾਧਾ ਕੀਤੇ ਜਾਣ ਦੇ ਢੰਗ ਤੋਂ ਉਹ ਖੁਸ਼ ਨਹੀਂ ਤੇ ਇਹ ਵੀ ਪਤਾ ਲੱਗਾ ਕਿ ਪੰਜਾਬ ਸਰਕਾਰ ਉਨ੍ਹਾ ਦੀ ਥਾਂ ਇਸ ਰਾਜ ਦਾ ਨਵਾਂ ਡੀ ਜੀ ਪੀ ਲਾਉਣ ਲਈ ਕਿਸੇ ਯੋਗ ਅਫਸਰ ਬਾਰੇ ਵਿਚਾਰ ਕਰਦੀ ਪਈ ਹੈ ਅਤੇ ਇਸ ਮਕਸਦ ਦੇ ਲਈ ਇਸ ਰਾਜ ਦੇ ਡੀ ਜੀ ਪੀ ਰੈਂਕ ਦੇ ਕੁਝ ਅਧਿਕਾਰੀਆਂ ਦਾ ਨਾਮ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ ਪੀ ਐੱਸ ਸੀ) ਨੂੰ ਭੇਜਣ ਵਾਲੀ ਹੈ। ਇਸ ਦੌਰਾਨ ਇਹ ਗੱਲ ਵੀ ਕਹੀ ਜਾਣ ਲੱਗੀ ਕਿ ਕੇ ਪੀ ਐੱਸ ਗਿੱਲ ਤੋਂ ਬਾਅਦ ਸੁਰੇਸ਼ ਅਰੋੜਾ ਇੱਕੋ ਇੱਕ ਇਹੋ ਜਿਹੇ ਡੀ ਜੀ ਪੀ ਹਨ, ਜਿਨ੍ਹਾਂ ਦੇ ਕਾਰਜਕਾਲ ਵਿਚ ਏਦਾਂ ਵਾਧਾ ਹੋਇਆ ਹੈ।

# ਢਾਈ ਰੁਪਏ ਦਾ ਨੋਟ ਅੱਜ ਸੱਤ ਲੱਖ ਦਾ ਹੋਇਆ

ਰਾਂਚੀ, 20 ਜਨਵਰੀ (ਪੋਸਟ ਬਿਊਰੋ)- ਭਾਰਤ ’ਚ ਕਦੇ ਢਾਈ ਰੁਪਏ ਦਾ ਨੋਟ ਵੀ ਚੱਲਦਾ ਰਿਹਾ ਸੀ। ਇਸ ਗੱਲ ਜਾਣਨ ਵਾਲੇ ਲੋਕ ਸ਼ਾਇਦ ਹੀ ਬਚੇ ਹੋਣ। ਅੱਜ ਇਸ ਦੀ ਕੀਮਤ ਸੱਤ ਲੱਖ ਰੁਪਏ ਹੈ। ਇਹ ਨੋਟ ਅੱਜ ਤੋਂ ਸੌ ਸਾਲ ਪਹਿਲਾਂ 22 ਜਨਵਰੀ 1918 ਨੂੰ ਜਾਰੀ ਹੋਇਆ ਸੀ। ਇਸ ਦੇ ਚਲਨ ਦੀ ਸ਼ਤਾਬਦੀ ਪੂਰੀ ਹੋਣ ਵਾਲੀ ਹੈ। ਇਕ ਜਨਵਰੀ 1926 ਨੂੰ ਇਸ ਨੋਟ ਦਾ ਚਲਨ ਬੰਦ ਕਰ ਦਿੱਤਾ ਗਿਆ ਸੀ।

ਮਿਲੀ ਜਾਣਕਾਰੀ ਅਨੁਸਾਰ ਢਾਈ ਰੁਪਏ ਦਾ ਨੋਟ ਅੱਠ ਸਾਲ ਹੀ ਚੱਲਿਆ। ਇਸ ਨੂੰ ਕਾਫੀ ਦੁਰਲੱਭ ਕਿਹਾ ਜਾਂਦਾ ਹੈ, ਇਸ ਲਈ ਇਸ ਦੀ ਕੀਮਤ ਸਭ ਤੋਂ ਵੱਧ ਹੈ। ਇਸ ਸਮੇਂ ਇਸ ਦੀ ਕੀਮਤ ਸੱਤ ਲੱਖ ਰੁਪਏ ਨੇੜੇ ਹੈ, ਓਦੋਂ ਤਾਂ ਇਕ ਡਾਲਰ ਦੇ ਬਰਾਬਰ ਸੀ। ਢਾਈ ਰੁਪਏ ਦੇ ਨੋਟ ਦਾ ਸਾਈਜ਼ 12 ਗੁਣਾ 17 ਸੈਂਟੀਮੀਟਰ ਸੀ ਅਤੇ ਇਸ ਦੇ ਇਕ ਪਾਸੇ ਦੋ ਰੁਪਏ ਅੱਠ ਆਨਾ ਲਿਖਿਆ ਸੀ। ਵਰਨਣ ਯੋਗ ਹੈ ਕਿ ਭਾਰਤ ਵਿੱਚ ਪਹਿਲਾਂ ਆਨਾ ਚੱਲਦਾ ਸੀ। ਬ੍ਰਿਟਿਸ਼ ਰਾਜ ’ਚ ਰੁਪਏ ਵਿੱਚ 16 ਆਨੇ ਹੁੰਦੇ ਸਨ, ਇਸ ਲਈ ਇਸ ਦੇ 2 ਰੁਪਏ ਨਾਲ ਅੱਠ ਆਨਾ ਜੋੜਿਆ ਗਿਆ ਸੀ। ਇਸ ਨੋਟ ਨੂੰ ਬ੍ਰਿਟੇਨ ਵਿੱਚ ਛਾਪਿਆ ਗਿਆ ਅਤੇ ਹੈਂਡਮੇਟ ਪੇਪਰ ’ਤੇ ਪ੍ਰਿੰਟ ਹੈ। ਨੋਟ ਉੱਤੇ ਜਾਰਜ ਪੰਜਵੇਂ ਦਾ ਚਿੰਨ੍ਹ ਵੀ ਸੀ। ਇਸ ਵਿੱਚ ਉਨ੍ਹਾਂ ਦੀ ਅੱਠ-ਕੋਣੀ ਫੋਟੋ ਹੁੰਦੀ ਸੀ। ਨੋਟ ’ਤੇ ਬ੍ਰਿਟੇਨ ਦੇ ਓਦੋਂ ਦੇ ਵਿੱਤ ਸਕੱਤਰ ਦੇ ਦਸਖ਼ਤ ਹਨ। ਸਭ ਤੋਂ ਉਪਰ ਡਿਜ਼ਾਈਨ ’ਚ ਗੌਰਮੈਂਟ ਆਫ਼ ਇੰਡੀਆ ਤੇ ਫਿਰ ਨੰਬਰ ਲਿਖਿਆ ਹੈ। ਸਭ ਤੋਂ ਹੈਰਾਨੀ ਦੀ ਗੱਲ ਕਿ ਇਹ ਨੋਟ ਸੱਤ ਸਰਕਲ ਵਿੱਚ ਚੱਲਦਾ ਸੀ। ਉਦੋਂ ਰੰਗੂਨ ਜਾਂ ਮੀਆਂਮਾਰ ਵੀ ਬ੍ਰਿਟਿਸ਼ ਰਾਜ ਦੇ ਅਧੀਨ ਸੀ। ਇਸ ਲਈ ਉਥੇ ਵੀ ਇਹ ਨੋਟ ਸੀ।

# ਕਾਂਗਰਸ ਵਿਧਾਇਕ ਲਾਡੀ ਵੱਲੋਂ ਬਾਜਵਾ ਦੇ ਮੁੱਖ ਮੰਤਰੀ ਬਣਨ ਦੀ ਰੱਟ, ਬਾਅਦ ਵਿੱਚ ਮੁੱਕਰਿਆ

ਬਟਾਲਾ, 20 ਜਨਵਰੀ (ਪੋਸਟ ਬਿਊਰੋ)- ਹਲਕਾ ਜ਼ੀਰਾ ਦੇ ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਵੱਲੋਂ ਜਨਤਕ ਸਮਾਗਮ ਵਿੱਚ ਆਪਣੀ ਹੀ ਸਰਕਾਰ ਦਾ ਵਿਰੋਧ ਕੀਤੇ ਜਾਣ ਦਾ ਰੇੜਕਾ ਅਜੇ ਮੁੱਕਾ ਨਹੀਂ ਸੀ ਕਿ ਇਕ ਹੋਰ ਕਾਂਗਰਸੀ ਵਿਧਾਇਕ ਵੱਲੋਂ ਕੀਤੀ ਗਈ ਜਨਤਕ ਟਿੱਪਣੀ ਨੇ ਹਲਚਲ ਪੈਦਾ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਜ਼ਿਲਾ ਗੁਰਦਾਸਪੁਰ ਦੇ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਕਾਂਗਰਸ ਪਾਰਟੀ ਦੇ ਵਿਧਾਇਕ ਬਲਵਿੰਦਰ ਸਿੰਘ ਲਾਡੀ ਨੇ ਇਕ ਜਨਤਕ ਪ੍ਰੋਗਰਾਮ ਵਿੱਚ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਦੀ ਇੱਛਾ ਜ਼ਾਹਿਰ ਕਰ ਦਿੱਤੀ ਹੈ। ਉਸ ਨੇ ਜਦੋਂ ਇਹ ਬਿਆਨ ਦਿੱਤਾ, ਉਸ ਮੌਕੇ ਪ੍ਰਤਾਪ ਸਿੰਘ ਬਾਜਵਾ ਅਤੇ ਉਨ੍ਹਾਂ ਦੇ ਭਰਾ ਵਿਧਾਇਕ ਫਤਹਿਜੰਗ ਸਿੰਘ ਬਾਜਵਾ ਵੀ ਮੰਚ ਉਤੇ ਮੌਜੂਦ ਸਨ। ਪਤਾ ਲੱਗਾ ਹੈ ਕਿ ਕਸਬਾ ਘੁਮਾਣ ਵਿਖੇ ਵਿਧਾਇਕ ਬਲਵਿੰਦਰ ਸਿੰਘ ਲਾਡੀ ਇਕ ਜਨਤਕ ਪ੍ਰੋਗਰਾਮ ਮੌਕੇ ਬੋਲ ਰਹੇ ਸਨ ਤਾਂ ਉਨ੍ਹਾਂ ਨੇ ਕਹਿ ਦਿੱਤਾ ਕਿ ਪ੍ਰਤਾਪ ਸਿੰਘ ਬਾਜਵਾ ਨੇ ਜਿਵੇਂ ਪੰਜਾਬ ਦੇ ਭਖਦੇ ਮੁੱਦੇ ਚੁੱਕੇ ਹਨ, ਉਹ ਬੜਾ ਸ਼ਲਾਘਾ ਯੋਗ ਕਦਮ ਹੋਣ ਦੇ ਨਾਲ ਲੋਕਾਂ ਦੇ ਅਸਲ ਲੀਡਰ ਹੋਣ ਦਾ ਸਬੂਤ ਹੈ। ਉਨ੍ਹਾਂ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਨੇ ਗੰਨਾ ਕਿਸਾਨਾਂ, ਮੁਲਾਜ਼ਮਾਂ, ਮਜ਼ਦੂਰਾਂ ਦੇ ਦਲਿਤ ਭਾਈਚਾਰੇ ਦੇ ਬਿੱਲਾਂ ਆਦਿ ਤੋਂ ਲੈ ਕੇ ਪੰਜਾਬ ਦੇ ਸਭ ਮਸਲਿਆਂ ਸਬੰਧੀ ਆਵਾਜ਼ ਉਠਾ ਕੇ ਲੋਕਾਂ ਦਾ ਸੱਚਾ ਆਗੂ ਹੋਣ ਦਾ ਸਬੂਤ ਦਿੱਤਾ ਹੈ। ਇਸ ਤੋਂ ਬਾਅਦ ਲਾਡੀ ਨੇ ਇਹ ਵੀ ਕਹਿ ਦਿੱਤਾ ਕਿ ਉਹ ਅਰਦਾਸ ਕਰਦੇ ਹਨ ਕਿ ਅਗਲੇ ਸਮੇਂ ਵਿੱਚ ਪ੍ਰਤਾਪ ਸਿੰਘ ਬਾਜਵਾ ਪੰਜਾਬ ਦੇ ਮੁੱਖ ਮੰਤਰੀ ਬਣਨ। ਇਸ ਕਾਂਗਰਸੀ ਵਿਧਾਇਕ ਵੱਲੋਂ ਜਨਤਕ ਸਮਾਗਮ ਵਿੱਚ ਕਹੇ ਇਨ੍ਹਾਂ ਸ਼ਬਦਾਂ ਨਾਲ ਜਿਥੇ ਪੰਜਾਬ ਕਾਂਗਰਸ ਦਾ ਅੰਦਰੂਨੀ ਹਾਲ ਫਿਰ ਜੱਗ ਜ਼ਾਹਿਰ ਹੋ ਗਿਆ ਹੈ, ਉਥੇ ਵਿਰੋਧੀਆਂ ਨੂੰ ਨੁਕਤਾਚੀਨੀ ਕਰਨ ਲਈ ਇਕ ਹੋਰ ਮੁੱਦਾ ਮਿਲ ਗਿਆ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਬਾਅਦ ਵਿੱਚ ਵਿਧਾਇਕ ਬਲਵਿੰਦਰ ਸਿੰਘ ਲਾਡੀ ਇਨ੍ਹਾਂ ਸ਼ਬਦਾਂ ਬਾਰੇ ਮੁੱਕਰ ਜਾਣ ਪਿੱਛੋਂ ਇਹ ਕਹਿ ਰਿਹਾ ਹੈ ਕਿ ਉਸ ਨੇ ਇਹ ਨਹੀਂ ਕਿਹਾ, ਉਸ ਨੂੰ ਗਲਤ ਸਮਝਿਆ ਗਿਆ ਹੈ।




PUNJAB SINDH FINANCE
TRUCK/TRAILER
LOAN & REFINANCE

PUNJABSINDH FINANCE · EVERY $ MAKES A DIFFERENCE

ਨਵੇਂ ਪੁਰਾਣੇ ਟ੍ਰੱਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਧ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)



Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

# ਸੰਪਾਦਕੀ

## ਉਂਟੇਰੀਓ ਸਕੂਲਾਂ ਦੀ ਫਰੇਜ਼ਰ ਇਨਸਟੀਚਿਊਟ ਦੀ ਰਿਪੋਰਟ ਦੀ ਰੋਸ਼ਨੀ ਵਿੱਚ ਕਾਰਗੁਜ਼ਾਰੀ

ਕੌਮੀ ਪੱਧਰ ਦੀ ਖੋਜ ਸੰਸਥਾ ਫਰੇਜ਼ਰ ਇਨਸਟੀਚਿਊਟ ਨੇ 2019 ਲਈ ਐਲੀਮੈਂਟਰੀ ਸਕੂਲਾਂ ਦੀ ਕਾਰਗੁਜ਼ਾਰੀ ਬਾਰੇ ਆਪਣੀ ਸਾਲਾਨਾ ਰਿਪੋਰਟ ਕੱਲ ਜਾਰੀ ਕੀਤੀ ਹੈ। ਰਿਪੋਰਟ ਦੁਆਰਾ ਹਰ ਸਾਲ ਉਂਟੇਰੀਓ ਦੇ 3000 ਦੇ ਕਰੀਬ ਸਕੂਲਾਂ ਦੇ ਵਿੱਦਿਆਰਥੀਆਂ ਵੱਲੋਂ EQAO ਟੈਸਟਾਂ ਵਿੱਚ ਪੜਨ, ਲਿਖਣ ਅਤੇ ਗਣਿਤ ਲਈ ਦਿੱਤੇ ਗਏ ਇਮਿ-ਤਿਹਾਨ ਦੇ ਆਧਾਰ ਉੱਤੇ ਰੈਂਕਿੰਗ ਕੀਤੀ ਜਾਂਦੀ ਹੈ। ਸਕੂਲਾਂ ਨੂੰ 10 ਵਿੱਚੋਂ 0 ਤੋਂ 10 ਤੱਕ ਸਕੋਰ ਦਿੱਤੇ ਜਾਂਦੇ ਹਨ।

ਇਸ ਸਾਲ ਉਂਟੇਰੀਓ ਦੇ ਮੁਲਾਂਕਣ ਕੀਤੇ ਗਏ 3030 ਵਿੱਚੋਂ 16 ਸਕੂਲ ਅਜਿਹੇ ਹਨ ਜਿਹਨਾਂ ਦਾ ਸਕੋਰ 10 ਵਿੱਚੋਂ 10 ਰਿਹਾ ਹੈ। ਪਰਫੈਕਟ (ਦਸਾਂ ਵਿੱਚੋਂ ਦਸ) ਸਕੋਰ ਹਾਸਲ ਕਰਨ ਵਾਲੇ 16 ਸਕੂਲਾਂ ਵਿੱਚ ਖਾਲਸਾ ਸਕੂਲ ਮਾਲਟਨ ਅਤੇ ਖਾਲਸਾ ਕਮਿਉਨਿਟੀ ਸਕੂਲ ਬਰੈਂਟਪਨ ਸ਼ਾਮਲ ਹਨ। 6 ਸਕੂਲ ਇਸਲਾਮਿਕ ਅਦਾਰਿਆਂ ਵੱਲੋਂ ਚਲਾਏ ਜਾ ਰਹੇ ਹਨ ਜਿਹਨਾਂ ਵਿੱਚ ਅਲ-ਰਿਸਾਲਾ, ਇਕਰਾ ਇਸਲਾਮਿਕ, ਇਸਲਾਮਿਕ ਇਸਨਟੀਚਿਊਟ ਆਫ ਟੋਰਾਂਟੋ, ਇਸਲਾਮਿਕ ਇਨਸਟੀਚਿਊਟ ਆਫ ਕੈਂਬਰਿਜ਼, ਸਾਫ਼ਾ ਐਂਡ ਕੈਂਬਰਿਜ ਅਤੇ ਇਸਲਾਮਿਕ ਫਾਉਂਡੇਸ਼ਨ ਸ਼ਾਮਲ ਹਨ। ਬਰੈਂਪਟਨ ਦਾ ਗੁਰੂ ਤੇਗ ਬਹਾਦੁਰ ਸਕੂਲ 9.5 ਸਕੋਰ ਲੈ ਕੇ 25ਵੇਂ ਨੰਬਰ ਉੱਤੇ ਹੈ।

ਵਰਨਣਯੋਗ ਹੈ ਕਿ ਫਰੇਜ਼ਰ ਇਨਸਟੀਚਿਊਟ ਦੀ ਰਿਪੋਰਟ ਨੂੰ ਸਰਕਾਰੀ ਡਾਲਰਾਂ ਉੱਤੇ ਚੱਲਣ ਵਾਲੇ ਪ੍ਰੰਪਰਾਗਤ ਸਕੂਲਾਂ ਵੱਲੋਂ ਅਕਸਰ ਸਵੀਕਾਰ ਕਰਨ ਤੋਂ ਆਨੇ ਬਹਾਨੇ ਕੀਤੇ ਜਾਂਦੇ ਹਨ। ਰਿਪੋਰਟ ਤਿਆਰ ਕਰਨ ਵਾਲੇ ਖੋਜਕਾਰਾਂ ਦਾ ਖੁਦ ਵੀ ਆਖਣਾ ਹੈ ਕਿ ਇਹ ਰਿਪੋਰਟ ਸਕੂਲਾ ਦੀ ਕਾਰਗੁਜ਼ਾਰੀ ਦਾ 100% ਸਹੀ ਬਿੰਬ ਹੋਣ ਦਾ ਦਾਅਵਾ ਨਹੀਂ ਕਰਦੀ। ਖੋਜਕਾਰ ਇਹ ਵੀ ਆਖਦੇ ਹਨ ਕਿ ਉਂਟੇਰੀਓ ਸਰਕਾਰ ਵੱਲੋਂ ਕਰਵਾਏ ਗਏ EQAO ਟੈਸਟਾਂ ਦੇ ਆਧਾਰ ਉੱਤੇ ਤਿਆਰ ਕੀਤੀ ਗਈ ਇਹ ਰਿਪੋਰਟ ਮਾਪਿਆਂ ਨੂੰ ਸਕੂਲਾਂ ਵਿੱਚ ਵਿੱਦਿਅਕ ਮਾਹੌਲ ਦੀ ਨਿਸ਼ਾਨਦੇਹੀ ਕਰਨ ਵਿੱਚ ਸਹਾਈ ਹੋ ਸਕਦੀ ਹੈ।

ਮਿਸੀਸਾਗਾ ਅਤੇ ਬਰੈਂਪਟਨ ਦੇ ਸਕੂਲਾਂ ਦੇ ਹੱਕ ਵਿੱਚ ਆਖਣਾ ਹੋਵ-ੇਗਾ ਕਿ ਇੱਥੇ ਦੇ ਸਕੂਲਾਂ ਦਾ ਸੱਭ ਤੋਂ ਫਾਡੀ ਸਕੂਲ ਡਫਰਿਨ ਪੀਲ ਕੈਥੋਲਿਨ ਸਕੂਲ ਬੋਰਡ ਵੱਲੋਂ ਨੌਰਥ ਪਾਰਕ ਬਰੈਂਪਟਨ ਵਿੱਚ ਚਲਾਇਆ ਜਾ ਰਿਹਾ ਸੈਂਟ ਐਂਥੋਨੀ ਸਕੂਲ ਹੈ ਜਿਸਦਾ 3030 ਸਕੂਲਾਂ ਵਿੱਚ 2529ਵਾਂ ਨੰਬਰ ਹੈ। ਉਸਤੋਂ ਉੱਤੇ 2491ਵੇਂ ਨੰਬਰ ਉੱਤੇ ਗਾਰਡੀਅਨ ਏਂਜਲ ਸਕੂਲ ਹੈ। ਜੇ ਸਿਖ਼ਰ ਤੋਂ ਗੱਲ ਕੀਤੀ ਜਾਵੇ ਤਾਂ ਪੀਲ ਸਕੂਲ ਬੋਰਡ ਦਾ ਸੱਭ ਤੋਂ ਮੋਹਰੀ 144ਵੇਂ ਨੰਬਰ ਉੱਤੇ ਖੜਾ ਸਕੂਲ ਸਪਰਿੰਗਬਰੁੱਕ ਹੈ ਜਿਸਦਾ ਸਕੋਰ 8.5 ਹੈ।

ਫਰੇਜ਼ਰ ਇਨਸਟੀਚਿਊਟ ਦੀ ਐਲੀਮੈਂਟਰੀ ਸਕੂਲ ਰੈਂਕਿੰਗ ਦੋ ਗੱਲਾਂ ਤੋਂ ਮਹੱਤਵਪੂਰਣ ਹੈ। ਪਹਿਲੀ ਕਿ ਸੱਭ ਪਹਿਲਾਂ ਹੀ ਜਾਣਦੇ ਹਨ ਕਿ ਉਂਟੇਰੀਓ ਵਿੱਚ ਬੱਚਿਆਂ ਦੀ ਗਣਿਤ ਦੀ ਪੜਾਈ ਦੀ ਸਥਿਤੀ ਬਹੁਤ ਨੀਵੀਂ ਹੈ। ਇਹੀ ਹਾਲ ਬੱਚਿਆਂ ਦੇ ਪੜਨ ਅਤੇ ਲਿਖਣ (Reading and writing) ਦਾ ਹੈ। ਕੀ ਪ੍ਰਾਈਵੇਟ ਖਾਸ ਕਰਕੇ ਧਾਰਮਿਕ ਅਦਾਰਿਆਂ ਵੱਲੋਂ ਚਲਾਏ ਜਾਣ ਵਾਲੇ ਸਕੂਲਾਂ ਦੀ ਚੰਗੀ ਪਰਫਾਰਮੈਂਸ ਇਸ਼ਾਰਾ ਨਹੀਂ ਕਰਦੀ ਹੈ ਕਿ ਇਹਨਾਂ ਸਕੂਲਾਂ ਵਿੱਚ ਲਾਗੂ ਪੜਾਈ ਦੀਆਂ ਵਿਧੀਆਂ ਵਿੱਚ ਜਰੂਰ ਕੁੱਝ ਚੰਗਾ ਹੋਵੇਗਾ।

ਪਬਲਿਕ ਭਾਵ ਸਰਕਾਰੀ ਫੰਡਾਂ ਨਾਲ ਚੱਲਣ ਵਾਲੇ ਸਕੂਲਾਂ ਵਿੱਚ ਵਿੱਦਿਆ ਦੇ ਮਿਆਰ ਦੇ ਡਿੱਗਣ ਦਾ ਲਗਾਤਾਰ ਜਾਰੀ ਰਹਿਣਾ ਕੀ ਸੰਕੇਤ ਕਰਦਾ ਹੈ? ਜਦੋਂ ਇਹਨਾਂ ਸਕੂਲਾਂ ਦੇ ਅਧਿਆਪਕਾਂ ਵੱਲੋਂ ਤਨਖਾਹਾਂ ਵਧਾਉਣ, ਅਧਿਆਪਕ ਯੂਨੀਅਨਾਂ ਵੱਲੋਂ ਆਪਣੇ ਹੱਕਾਂ ਨੂੰ ਧੱਕੇ ਨਾਲ ਲਾਗੂ ਕਰਨ, ਹੜਤਾਲਾਂ ਕਰਨ ਅਤੇ ਸੈਕਸ ਸਿਲੇਬਸ ਵਰਗੇ ਮੁੱਦਿਆਂ ਬਾਰੇ ਸ਼ੋਰ ਸ਼ਰਾਬਾ ਕਰਨ ਦੀ ਗੱਲ ਆਉਂਦੀ ਹੈ ਤਾਂ ਸੱਭ ਤੋਂ ਮੋਹਰੀ ਹੁੰਦੇ ਹਨ। ਕੀ ਪ੍ਰਾਈਵੇਟ ਸਕੂਲਾਂ ਦੇ ਅਧਿਆਪਕ ਅਜਿਹੀਆਂ ਕਾਰਵਾਈਆਂ ਵਿੱਚ ਸ਼ਾਮਲ ਹੋਣ ਦੀ ਜ਼ੁਰੱਅਤ ਕਰ ਸਕਦੇ ਹਨ?

ਸੰਭਵ ਹੈ ਕਿ ਅਗਲੇ ਦਿਨਾਂ ਵਿੱਚ ਪਬਲਿਕ ਸਕੂਲ ਬੋਰਡਾਂ ਵੱਲੋਂ ਆਪੋ ਆਪਣੇ ਸਕੂਲਾਂ ਦੀ ਕਾਰਗੁਜ਼ਾਰੀ ਬਾਰੇ ਲਿੱਪਾਪੋਚੀ ਕਰਨ ਦੀਆਂ ਗੱਲਾਂ ਕੀਤੀਆਂ ਜਾਣਗੀਆਂ। ਹਾਲੇ ਦੋ ਸਾਲ ਪਹਿਲਾਂ ਦੀ ਗੱਲ ਹੈ ਕਿ ਪੀਲ ਸਕੂਲ ਬੋਰਡ ਨੇ ਇਸ ਰਿਪੋਰਟ ਬਾਰੇ ਆਪਣੇ ਇਤਰਾਜ਼ ਨੂੰ ਬੋਰਡ ਦੀ ਵੈੱਬਸਾਈਟ ਉੱਤੇ ਪਾ ਦਿੱਤਾ ਸੀ।

ਚੰਗਾ ਹੋਵੇ ਕਿ ਪਬਲਿਕ ਸਕੂਲ ਆਪਣੀ ਕਾਰਗੁਜ਼ਾਰੀ ਦਾ ਪ੍ਰਾਈਵੇਟ ਸਕੂਲਾਂ ਨਾਲ ਨਿਰੱਪਖ ਰੂਪ ਵਿੱਚ ਮੁਲਾਂਕਣ ਕਰਨ। ਇਸ ਮੁਲਾਂਕਣ ਵਿੱਚ ਇਹ ਤੱਥ ਵੀ ਸ਼ਾਮਲ ਹੋਣਾ ਚਾਹੀਦਾ ਹੈ ਕਿ ਪ੍ਰਾਈਵੇਟ ਸਕੂਲਾਂ ਵਿੱਚ ਪ੍ਰਤੀ ਵਿੱਦਿਆਰਥੀ ਕਿੰਨਾ ਖਰਚ ਹੁੰਦਾ ਹੈ ਅਤੇ ਪਬਲਿਕ ਸਕੂਲ ਕਿੰਨਾ ਖਰਚ ਕਰਦੇ ਹਨ। ਹਾਲ ਵਿੱਚ ਚੁਣੇ ਗਏ ਸਕੂਲ ਟਰੱਸਟੀਆਂ, ਜਿਹਨਾਂ ਨੇ ਸਕੂਲੀ ਵਿੱਦਿਆ ਵਿੱਚ ਸੁਧਾਰਾਂ ਲਈ ਵੱਡੇ 2 ਵਾਅਦੇ ਕੀਤੇ ਸਨ, ਇਹ ਰਿਪੋਰਟ ਉਹਨਾਂ ਵਾਸਤੇ ਚਰਚਾ ਆਰੰਭ ਕਰਨ ਦਾ ਸਹੀ ਸਾਧਨ ਬਣ ਸਕਦੀ ਹੈ।

# ਵਿਆਹ ਦੀ ਕਾਵਾਂਰੌਲੀ

–ਇੰਦਰਜੀਤ ਭਲਿਆਣ

ਗੁਰਦੁਆਰੇ ਦੇ ਬਾਹਰ ਖੜੇ ਲਾੜੇ ਦੇ ਮੱਥਾ ਟੇਕ ਕੇ ਬਾਹਰ ਆਉਣ ਦੀ ਉਡੀਕ ਕਰ ਰਹੇ ਸਾਂ ਕਿ ਫੋਨ ਆ ਗਿਆ, 'ਹਾਂ ਜੀ, ਬਾਈ ਸਾਹਿਬ ਕਿੱਥੇ ਕੁ ਪਹੁੰਚਗੇ। ਤੁਰ ਵੀ ਪਏ ਕਿ ਨਹੀ।' ਲਾੜੀ ਦਾ ਪਿਤਾ ਸਾਡੇ ਲੇਟ ਹੋਣ 'ਤੇ ਫਿਕਰਮੰਦ ਹੋ ਰਿਹਾ ਸੀ। 'ਬੱਸ ਤੁਰਨ ਲੱਗੇ ਆਂ, ਪਹੁੰਚ ਜਾਵਾਂਗੇ ਪੌਣੇ ਘੰਟੇ 'ਚ ਤੁਹਾਡੇ ਕੋਲ ਸਿੱਧੇ ਗੁਰਦੁਆਰੇ।' ਮੈਂ ਧਰਵਾਸਾ ਦਿੱਤਾ ਪਰ ਉਹ ਭੁੜਕ ਕੇ ਪਿਆ, 'ਓ ਕੀ ਗੱਲਾਂ ਕਰਦੇ ਹੋ, ਇਥੇ ਕਾਵਾਂਰੌਲੀ ਪਈ ਵੀ ਆ। ਆਨੰਦ ਕਾਰਜਾਂ ਲਈ ਚਾਰ ਜੋੜੀਆਂ ਪਹਿਲਾਂ ਹੀ ਪੁੱਜ ਚੁੱਕੀਆਂ। ਸੁਣਿਆ ਅੱਜ ਨੌਂ ਆਨੰਦ ਕਾਰਜ ਹੋਣੇ ਆ ਇਸ ਗੁਰ-ਦੁਆਰੇ ਵਿੱਚ। ਆਪਣਾ ਨੰਬਰ ਪਹਿਲਾ ਸੀ, ਪਰ ਤੁਸੀਂ ਤਾਂ ਲੇਟ ਹੋ ਗੇ, ਹੁਣ ਪਤਾ ਨੀ ਕਦ ਲੱਗੇਗਾ ਆਪਣਾ ਨੰਬਰ। ਤੁਸੀਂ ਕਾਕਾ ਜੀ ਨੂੰ ਲੈ ਕੇ ਪੁੱਜੋ ਤਾਂ ਸਹੀ, ਕਰਦੇ ਆਂ ਕੋਈ ਜੁਗਾੜ।'

ਇਕ ਪਾਸੇ ਮੁੰਡਾ ਮੇਰੀ ਨੇੜਲੀ ਰਿਸ਼ਤੇਦਾਰੀ 'ਚੋਂ ਸੀ, ਦੂਜੇ ਪਾਸੇ ਮੇਰੇ ਦੋਸਤ ਦੀ ਬੇਟੀ ਸੀ। ਜ਼ਾਹਿਰ ਹੈ, ਵਿਚੋਲੇ ਦਾ ਸਾਰਾ ਭਾਰ ਮੇਰੇ ਮੋਢਿਆਂ 'ਤੇ ਸੀ। ਮੈਂ ਚਾਹੁੰਦਾ ਸਾਂ ਕਿ ਬਰਾਤ ਵੇਲੇ ਸਿਰ ਤੁਰ ਪਵੇ ਤਾਂ ਕਿ ਸਾਰੇ ਕਾਰਜ ਸਮੇਂ ਸਿਰ ਨੇਪਰੇ ਚੜ੍ਹ ਸਕਣ, ਪਰ ਅਪਾਰ ਖੁਸ਼ੀ ਦੇ ਅਜਿਹੇ ਮਾਹੌਲ ਵਿੱਚ ਕੌਣ ਕਿਸੇ ਦੀ ਸੁਣਦਾ। ਨਾ ਚਾਹੁੰਦਿਆਂ ਵੀ ਬਰਾਤ ਘੰਟਾ ਪਛੜ ਕੇ ਤੁਰੀ। ਕੁੜੀ ਦੇ ਪਿਤਾ ਦੀ ਦਰਦ ਭਰੀ ਆਵਾਜ਼ ਨੇ ਮੈਨੂੰ ਫਿਕਰਾਂ ਵਿੱਚ ਪਾ ਦਿੱਤਾ। ਅਸਲ ਵਿੱਚ ਮੈਂ ਫੜ ਮਾਰੀ ਸੀ ਕਿ ਅਸੀਂ ਹਰ ਹਾਲਤ ਵਿੱਚ ਮਿੱਥੇ ਸਮੇਂ ਤੋਂ ਪਹਿਲਾਂ ਪਹੁੰਚ ਜਾਵਾਂਗੇ ਪਰ ਇਥੇ ਸਭ ਕੁਝ ਉਲਟ ਪੁਲਟ ਹੋ ਰਿਹਾ ਸੀ।

ਗੁਰਦੁਆਰੇ ਪੁੱਜੇ ਤਾਂ ਦੇਖਿਆ, ਸੱਚਮੁੱਚ ਮੇਲਾ ਲੱਗਿਆ ਹੋਇਆ ਹੈ। ਦੋ ਪੁਲਸ ਮੁਲਾਜ਼ਮ ਸਾਰੀ ਟ੍ਰੈਫਿਕ ਕੰਟਰੋਲ ਕਰ ਰਹੇ ਹਨ। ਪੁਲਸ ਆਮ ਲੋਕਾਂ ਦੀ ਮਦਦ ਲਈ ਪੁੱਜੀ ਸੀ, ਮਨ ਖੁਸ਼ ਤਾਂ ਹੋਇਆ, ਪਰ ਵਿਸ਼ਵਾਸ ਨਹੀਂ ਸੀ ਹੋ ਰਿਹਾ। ਸਾਰੀਆਂ ਕਾਰਾਂ ਪਾਰਕਿੰਗ ਵਿੱਚ ਲਗਵਾਈਆਂ ਜਾ ਰਹੀਆਂ ਸਨ। ਪਾਰਕਿੰਗ ਵਿੱਚ ਫੁੱਲਾਂ ਨਾਲ ਸਜੀਆਂ ਦਰਜਨ ਕੁ ਕਾਰਾਂ ਪਹਿਲਾਂ ਹੀ ਖੜੀਆਂ ਸਨ। ਮਸਾਂ ਗੁਰ-ਦੁਆਰੇ ਦੇ ਬਰਾਂਡੇ ਤੱਕ ਅੱਪੜੇ ਸਾਂ ਕਿ ਕੁੜੀ ਦੇ ਮਾਪਿਆਂ ਨੇ ਆਣ ਘੇਰਿਆ, 'ਸ਼ੁਕਰ ਆ ਤੁਸੀਂ ਆ ਗੇ, ਕਾਕਾ ਜੀ ਨੂੰ ਲਿਆਓ ਉਪਰ ਲਾਈਏ ਨੰਬਰ।' ਮੇਰੀ ਪਤਨੀ ਨੇ ਉਨ੍ਹਾਂ ਦੀ ਗੱਲ ਨੂੰ ਵਿੱਚੋਂ ਹੀ ਟੋਕਦਿਆਂ ਕਿਹਾ, 'ਪਹਿਲਾਂ ਲਾੜੇ ਨੂੰ ਤਾਂ ਸ਼ਗਨਾਂ ਨਾਲ ਕਾਰ 'ਚੋਂ ਬਾਹਰ ਕੱਢੋ, ਫੇਰ ਲੈ ਕੇ ਆਵਾਂਗੇ ਲਾਵਾਂ ਲਈ, ਨਾਲੇ ਹਾਲੇ ਭੈਣ ਜੀ (ਲਾੜੇ ਦੀ ਮਾਤਾ) ਵਾਲੀ ਕਾਰ ਨਹੀਂ ਪੁੱਜੀ। ਛੱਜ ਕੁੱਟਣ ਲੱਗੇ ਸੀ ਉਹ ਹਾਲੇ।'

'ਸ਼ਗਨ ਤਾਂ ਆਪਾਂ ਕਰਾਂਗੇ ਮੈਰਿਜ ਪੈਲੇਸ ਜਾ ਕੇ, ਇਥੇ ਆਪਾਂ ਲਾਵਾਂ ਲੈਣ ਦੀ ਕਰੀਏ', ਲਾੜੀ ਦੇ ਪਿਤਾ ਨੇ ਇਕ ਤਰ੍ਹਾਂ ਫੈਸਲਾ ਸੁਣਾਉਂਦਿਆਂ ਕਿਹਾ, 'ਕਿਸੇ ਉਚ ਅਫਸਰ ਦੀ ਧੀ ਦੇ ਆਨੰਦ ਕਾਰਜਾਂ ਦੀ ਰਸਮ ਚੱਲ ਰਹੀ ਹੈ, ਇਸ ਤੋਂ ਬਾਅਦ ਆਪਣਾ ਈ ਨੰਬਰ ਆ। ਸੁਸਤੀ ਨਾ ਦਿਖਾਇਓ। ਮਸਾਂ ਪ੍ਰਬੰਧਕਾਂ ਨੂੰ ਮਨਾਇਆ। ਇਕ ਵਾਰੀ ਲਾਈਨ ਤੋਂ ਉਖੜਗੇ, ਫੇਰ ਦੋ ਵਜੇ ਤੋਂ ਬਾਅਦ ਹੀ ਲੱਗੂ ਨੰਬਰ।' ਘਬਰਾਹਟ ਤੇ ਮਾਯੂਸੀ ਲਾੜੀ ਦੇ ਪਿਤਾ ਦੇ ਚਿਹਰੇ 'ਤੇ ਪਸਰੀ ਪਈ ਸੀ।

ਟ੍ਰੈਫਿਕ ਪੁਲਸ ਵੱਲੋਂ ਲੋਕਾਂ ਦੀ ਮਦਦ ਕਰਨ ਦਾ ਭੁਲੇਖਾ ਤਾਂ ਦੂਰ ਹੋ ਚੁੱਕਾ ਸੀ। ਪੁਲਸ ਵਾਲੇ ਉਚ ਅਫਸਰ ਕਾਰਨ ਆਏ ਹੋਏ ਸਨ ਤੇ ਜਲਦ ਹੀ ਉਹ ਉਡੰਤ ਹੋ ਗਏ, ਪਰ ਦੋ ਢਾਈ ਘੰਟਿਆਂ ਦੇ ਸੀਮਤ ਸਮੇਂ ਵਿੱਚ ਨੌਂ ਜੋੜੀਆਂ ਦੇ ਆਨੰਦ ਕਾਰਜ ਗੁਰੂ ਮਰਿਆਦਾ ਅਨੁਸਾਰ ਮੁਕੰਮਲ ਕਰਾਉਣਾ ਕਿਵੇਂ ਸੰਭਵ ਹੈ? ਲਾੜਾ ਤੇ ਲਾੜੀ ਦੇ ਜੀਵਨ ਦੀਆਂ ਇਹ ਬੇਹੱਦ ਮਹੱਤਵ ਪੂਰਨ ਘੜੀਆਂ ਹੁੰਦੀਆਂ ਹਨ, ਇਨ੍ਹਾਂ ਰਸਮਾਂ ਨੂੰ ਫਰਾਟਾ ਦੌੜ ਵਾਂਗ ਪੂਰਾ ਕਰਨਾ ਸਮਝ ਤੋਂ ਬਾਹਰ ਹੈ। ਪ੍ਰਬੰਧਕਾਂ ਨੂੰ ਥੋਕ ਵਿੱਚ ਬੁਕਿੰਗ ਨਹੀਂ ਸੀ ਕਰਨੀ ਚਾਹੁਦੀ, ਨੇੜਲੇ ਪਿੰਡਾਂ ਦੇ ਗੁਰਦੁਆਰਿਆਂ ਦੀ ਸੁਚੱਜੀ ਵਰਤੋਂ ਕੀਤੀ ਜਾ ਸਕਦੀ ਸੀ। ਹਰ ਚੀਜ਼ ਦੀ ਹੱਦ ਹੁੰਦੀ ਹੈ ਤੇ ਹੱਦੋਂ ਵੱਧ ਬਰਬਾਦੀ ਹੀ ਹੁੰਦੀ ਹੈ।

'ਚਲੋ ਸਰਦਾਰ ਜੀ ਅੰਦਰ ਦਰਬਾਰ ਸਾਹਿਬ ਵਿੱਚ ਆਪਣੀ ਜੋੜੀ ਬੈਠ ਗਈ ਆ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ।' ਲਾੜੀ ਦੇ ਪਿਤਾ ਨੇ ਮੇਰੀ ਬਾਂਹ ਝੰਜੋੜਦਿਆਂ ਨਾਲ ਇਹ ਵੀ ਦੱਸਿਆ ਕਿ ਆਪਣੀ ਜੋੜੀ ਫੁਰਤੀ ਨਾਲ ਉਠੀ ਅਤੇ ਪਹਿਲਾਂ ਬੈਠੀ ਜੋੜੀ ਦੇ ਆਸਣ ਖਾਲੀ ਕਰਦੇ ਹੀ ਰੁਮਾਲੇ ਦਾ ਮੱਥਾ ਟੇਕ ਕੇ ਮੋਰਚੇ ਉਤੇ ਡਟ ਗਈ, ਦੂਸਰੀ ਜੋੜੀ ਦੇਖਦੀ ਹੀ ਰਹਿ ਗਈ। ਉਨ੍ਹਾਂ ਦੇ ਮਾਪੇ ਪਿੱਛੇ ਜਾ ਕੇ ਪ੍ਰਬੰਧਕਾਂ ਨਾਲ ਉਲਝ ਰਹੇ ਨੇ।

ਅੰਦਰ ਜਾ ਕੇ ਦੇਖਿਆ, ਕੀਰਤਨੀ ਜਥਾ ਦੋ ਤਿੰਨ ਮਿੰਟ 'ਚ ਸ਼ਬਦ ਪੜ੍ਹ ਕੇ ਮਾਈਕ ਮੁੱਖ ਗ੍ਰੰਥੀ ਦੇ ਹਵਾਲੇ ਕਰ ਰਿਹਾ ਸੀ। ਪਾਠੀ ਸਿੰਘ ਨੇ ਪੱਲਾ ਫੜਾਉਣ ਦੀ ਰਸਮ ਪਿੱਛੋਂ ਲਾਵਾਂ ਦਾ ਪਾਠ ਸ਼ੁਰੂ ਕਰ ਦਿੱਤਾ। ਰੌਲੇ ਰੱਪੇ 'ਚ ਕੀਰਤਨੀਏ ਆਨੰਦ ਸਾਹਿਬ ਦਾ ਪਾਠ ਕਰਨਾ ਵੀ ਭੁੱਲ ਗਏ। ਅਰਦਾਸ ਹੋਈ ਤੇ ਹੁਕਮਨਾਮੇ ਪਿੱਛੋਂ ਲਾੜਾ ਲਾੜੀ ਤੇ ਉਨ੍ਹਾਂ ਦੇ ਨਾਲ ਬੈਠੇ ਦਸ ਕੁ ਬੰਦਿਆਂ ਨੂੰ ਪ੍ਰਸ਼ਾਦ ਵੰਡ ਕੇ ਅਗਲੀ ਜੋੜੀ ਸੱਦ ਲਈ ਗਈ।

# ਭਾਰਤ ਦਾ ਰਾਖਵਾਂ ਗਣਤੰਤਰ

–ਰਾਬਰਟ ਕਲੀਮੈਂਟਸ

''ਸਰ, ਤੁਸੀਂ ਫਿਰ ਸਾਡੇ ਕੋਲ ਆ ਗਏ? ਆਖਰੀ ਵਾਰ ਅਸੀਂ ਤੁਹਾਨੂੰ 2014 ਵਿੱਚ ਦੇਖਿਆ ਸੀ! ਕੀ ਇਸ ਵਾਰ ਤੁਸੀਂ ਸਾਡੇ ਤੋਂ ਕੋਈ ਨਵਾਂ ਸੁਫਨਾ ਬਣਵਾਉਣਾ ਚਾਹੁੰਦੇ ਹੋ?''

''ਹਾਂ, ਪਿਛਲੀ ਵਾਰ ਜਦੋਂ ਮੈਂ ਤੁਹਾਡੇ ਸੁਫਨਿਆਂ ਦੇ ਕਾਰਖਾਨੇ 'ਚ ਆਇਆ ਸੀ ਤਾਂ ਮੈਨੂੰ ਤੁਹਾਡੇ ਤੋਂ ਇੱਕ ਬਹੁਤ ਸਫਲ ਸੁਫਨਾ ਮਿਲਿਆ ਸੀ। ਉਹ ਬਹੁਤ ਸ਼ਾਨਦਾਰ ਸੀ।''

''ਹਾਂ ਸਰ, ਕੀ ਉਹ ਹਰ ਕਿਸੇ ਦੇ ਬੈਂਕ ਖਾਤੇ ਵਿੱਚ 15 ਲੱਖ ਰੁਪਏ ਵਾਲਾ ਤਾਂ ਨਹੀਂ ਸੀ?''

''ਬਹੁਤ ਸ਼ਾਨਦਾਰ। ਉਸ ਨੇ ਇੱਕ ਸੁਫਨੇ ਵਾਂਗ ਕੰਮ ਕੀਤਾ ਅਤੇ ਮੈਨੂੰ ਉਹ ਦਿੱਤਾ, ਜੋ ਮੈਂ ਚਾਹੁੰਦਾ ਸੀ।''

''...ਤਾਂ ਤੁਸੀਂ ਵਾਪਸ ਕਿਉਂ ਆਏ ਸਰ?''

''ਲੋਕਾਂ ਨੂੰ ਅਹਿਸਾਸ ਹੋ ਗਿਆ ਕਿ ਉਹ ਸਿਰਫ ਇੱਕ ਸੁਫਨਾ ਸੀ।''

''ਤੁਹਾਡਾ ਮਤਲਬ ਇਹ ਹੈ ਕਿ ਤੁਸੀਂ ਉਨ੍ਹਾਂ ਦੇ ਬੈਂਕ ਖਾਤੇ ਵਿੱਚ 15 ਲੱਖ ਰੁਪਏ ਨਹੀਂ ਪਾ ਸਕੇ? ਇਹ ਤਾਂ ਬੜਾ ਬੁਰਾ ਹੋਇਆ ਸਰ। ਦੇਖੋ, ਅਸੀਂ ਸੁਫਨੇ ਬੁਣਦੇ ਹਾਂ, ਪਰ ਉਨ੍ਹਾਂ ਨੂੰ ਬਣਾਈ ਰੱਖਣ ਲਈ ਤੁਹਾਨੂੰ ਉਸ ਦੇ ਘੱਟੋ-ਘੱਟ ਕੁਝ ਹਿੱਸੇ ਨੂੰ ਹਕੀਕਤ ਬਣਾਉਂਦਾ ਪੈਂਦਾ ਹੈ, ਕੀ ਤੁਸੀਂ ਉਨ੍ਹਾਂ ਦੇ ਖਾਤਿਆਂ ਵਿੱਚ ਘੱਟੋ-ਘੱਟ 10 ਲੱਖ ਰੁਪਏ ਨਹੀਂ ਪਾ ਸਕੇ?''

''ਨਹੀਂ!''

''ਠੀਕ ਹੈ, 10 ਹਜ਼ਾਰ?''



''ਨਹੀਂ!''

''10 ਰੁਪਏ?''

''ਨਹੀਂ''

''ਇਹ ਵਿਨਾਸ਼ਕਾਰੀ ਹੈ ਸਰ, ਲੋਕਾਂ ਨੇ ਤੁਹਾਡੇ 'ਤੇ ਯਕੀਨ ਕਰਨਾ ਛੱਡ ਦਿੱਤਾ ਹੋਵੇਗਾ। ਸਰ, ਇੱਕ ਸੁਫਨੇ ਦੇ ਟੁੱਟਣ ਨਾਲ ਦੇਸ਼ ਦੇ ਲੋਕ ਯਕੀਨ ਕਰਨਾ ਬੰਦ ਕਰ ਦਿੰਦੇ ਹਨ!''

''ਕੋਈ ਅਜਿਹਾ ਸੁਫਨਾ ਹੋਵੇਗਾ, ਜੋ ਤੁਸੀਂ ਬਣਾ ਸਕੋ, ਕੋਈ ਚਲਾਕੀ ਭਰਿਆ ਸੁਫਨਾ, ਜੋ ਕਲਪਨਾ ਵਾਂਗ ਦਿੱਸਦਾ ਹੋਵੇ, ਕੁਝ ਅਜਿਹਾ ਮੂਰਖਤਾ ਪੂਰਨ ਤੇ ਬੇਵਕੂਫੀ ਭਰਿਆ, ਜੋ ਲੋਕਾਂ ਨੂੰ ਇੱਕ ਵਾਰ ਫਿਰ ਬੇਵਕੂਫ ਬਣਾ ਸਕੇ?''

''ਦੋ ਦਿਨਾਂ ਬਾਅਦ ਆਓ ਸਰ, ਉਦੋਂ ਤੱਕ ਅਸੀਂ ਤੁਹਾਡੇ ਲਈ ਕੁਝ ਨਾ ਕੁਝ ਬਣਾ ਦੇਵਾਂਗੇ।''

...ਅਤੇ ਦੋ ਦਿਨਾਂ ਬਾਅਦ: ''ਸਵਾਗਤ ਹੈ ਸਰ, ਤੁਹਾਡੇ ਕੋਲ ਬਿਹਤਰੀਨ ਸੁਫਨਾ ਹੈ, ਇਹੋ ਜਿਹਾ ਸੁਫਨਿਆਂ ਦੇ ਕਿਸੇ ਕਾਰਖਾਨੇ 'ਚ ਪਹਿਲਾਂ ਨਹੀਂ ਬਣਿਆ ਹੋਵੇਗਾ! ਇੱਕੋ ਝਟਕੇ 'ਚ ਸਾਰੇ ਦੇਸ਼ ਨੂੰ ਅਸੰਭਵ ਦੀ ਪ੍ਰਾਪਤੀ ਹੋਣ ਲੱਗੇਗੀ।''

''ਨਹੀਂ-ਨਹੀਂ, ਮੈਂ ਉਨ੍ਹਾਂ ਦੇ ਬੈਂਕ ਖਾਤੇ ਵਿੱਚ ਕੁਝ ਨਹੀਂ ਪਾ ਸਕਦਾ, ਇਥੋਂ ਤੱਕ ਕਿ ਪੰਜ ਰੁਪਏ ਸੰਭਵ ਨਹੀਂ।''

''ਚਿੰਤਾ ਨਾ ਕਰੋ ਸਰ, ਸਿਰਫ ਇੰਨਾ ਦੱਸੋ ਕਿ ਹਰ ਕੋਈ ਕਿਸ ਚੀਜ਼ ਲਈ ਲੜ ਰਿਹਾ ਹੈ?''

''ਰਾਖਵਾਂਕਰਨ।''

''ਬਹੁਤ ਵਧੀਆ! ਤਾਂ ਅਸੀਂ ਉਨ੍ਹਾਂ ਨੂੰ ਉਹੀ ਦਿੰਦੇ ਹਾਂ।''

''ਕੀ? ਹਰੇਕ ਨਾਗਰਿਕ ਨੂੰ ਰਾਖਵਾਂਕਰਨ ਮਿਲੇਗਾ?''

''ਹਾਂ, ਲਗਭਗ ਸਾਰਿਆਂ ਨੂੰ ਸਰ, 95 ਫੀਸਦੀ ਨੂੰ।''

''ਸ਼ਾਨਦਾਰ! ਇਹ ਬਹੁਤ ਵੱਡਾ ਭਾਰਤੀ ਸੁਫਨਾ ਹੈ! ਪਰ ਮੈਂ ਅਜਿਹਾ ਕਿਵੇਂ ਕਰਾਂਗਾ?''

''ਛੱਡੋ ਸਰ, ਇੱਕ ਕੱਪ ਚਾਹ ਪੀਂਦੇ ਹਾਂ। ਅਸੀਂ ਇਥੇ ਬਹੁਤ ਸੁਆਦ ਗੁਜਰਾਤੀ ਚਾਹ ਸਰਵ ਕਰਦੇ ਹਾਂ ਅਤੇ ਫਿਰ ਸਾਡੀ ਟੀਮ ਤੁਹਾਨੂੰ ਦੱਸੇਗੀ ਕਿ ਕਿਵੇਂ ਲਗਭਗ ਹਰ ਵੋਟਰ ਰਾਖਵੇਂਕਰਨ ਦਾ ਹਿੱਸਾ ਬਣ ਜਾਵੇਗਾ, ਜਿਸ ਦਾ ਉਸ ਨੇ ਸੁਫਨਾ ਦੇਖਿਆ ਹੈ!''

''ਇਹ ਪਿਛਲੀ ਵਾਰ ਦੇ ਸਾਰਿਆਂ ਦੀ ਜੇਬ ਵਿੱਚ 15 ਲੱਖ ਰੁਪਏ ਪਾਉਣ ਨਾਲੋਂ ਬਿਹਤਰ ਲੱਗਦਾ ਹੈ।''

''ਹਾਂ ਸਰ, ਕਿੰਨੀ ਚਲਾਕੀ ਹੈ ਕਿ 95 ਫੀਸਦੀ ਲੋਕ ਸਕੂਲਾਂ-ਕਾਲਜਾਂ ਅਤੇ ਨੌਕਰੀਆਂ ਵਿੱਚ ਸਿਰਫ 10 ਫੀਸਦੀ ਰਾਖਵਾਂਕਰਨ ਪ੍ਰਾਪਤ ਕਰਨ ਲਈ ਖੁਦ ਨੂੰ ਸੁੰਗੜਾਉਣ ਦੀ ਕੋਸ਼ਿਸ਼ ਕਰਨਗੇ!''

''...ਪਰ ਇਸ 'ਚ ਸ਼ਾਨਦਾਰ ਕੀ ਹੈ?''

''ਇਹ ਕਿ ਉਹ ਰਿਜ਼ਰਵ ਕਹਾਉਣਾ ਪਸੰਦ ਕਰਨਗੇ! ਬਹੁਤ ਖੂਬ, ਇਥੋਂ ਤੱਕ ਕਿ ਅਸੀਂ ਆਪਣਾ ਨਾਂਅ ਬਦਲ ਕੇ ਭਾਰਤ ਦਾ ਰਾਖਵਾਂ ਗਣਤੰਤਰ ਰੱਖ ਸਕਦੇ ਹਾਂ! ਪਰ ਹਰੇਕ ਚੀਜ਼ ਦਾ ਪੰਜਾਹ ਫੀਸਦੀ ਰਾਖਵੇਂਕਰਨ ਲਈ ਦੇਣ ਅਤੇ ਹੁਣ 10 ਫੀਸਦੀ ਹੋਰ ਜ਼ਿਆਦਾ, ਬਾਕੀ ਚਾਲੀ ਫੀਸਦੀ ਬਾਰੇ ਕੀ ਸੋਚਿਆ?''

''ਤੁਹਾਡਾ ਮਤਲਬ ਅਰਥ ਵਿਵਸਥਾ ਦਾ ਚਾਲੀ ਫੀਸਦੀ ਕਾਰੋਬਾਰੀ ਸੌਦਿਆਂ, ਸਰਕਾਰੀ ਐਗਰੀਮੈਂਟਾਂ, ਕੌਮਾਂਤਰੀ ਹੁਕਮਾਂ, ਵਪਾਰਕ ਸਮਝੌਤਿਆਂ ਨਾਲ ਬਣਿਆ ਹੈ? ਸਰ, ਉਹ ਤੁਹਾਡੇ ਦੋਸਤਾਂ ਕੋਲ ਚਲਾ ਜਾਵੇਗਾ, ਜਿਸ ਨਾਲ ਬਾਕੀ ਪੰਜ ਫੀਸਦੀ ਬਚ ਜਾਵੇਗਾ। ਮੈਂ ਮੰਨਦਾ ਹਾਂ ਸਰ ਕਿ ਤੁਸੀਂ ਉਹ ਪਹਿਲਾਂ ਹੀ ਰੱਖਿਆ ਸਮਝੌਤਿਆਂ 'ਚ ਕਰ ਲਿਆ ਹੈ!''

''...ਤਾਂ ਇਹੋ ਕਰਦੇ ਹਾਂ!''

ਅਤੇ ਉਨ੍ਹਾਂ ਨੇ ਅਜਿਹਾ ਹੀ ਕੀਤਾ...।

# ਬ੍ਰਿਟੇਨ ਵਿੱਚ ਕਾਨੂੰਨ ਦਾ ਰਾਜ ਹੀ ਉਥੋਂ ਦੀ ਮੁੱਖ ਧਾਰਾ ਹੈ

–ਸਈਦ ਨਕਵੀ

ਡੇਲੀ ਟੈਲੀਗ੍ਰਾਫ ਵਿੱਚ ਇੱਕ ਤਿੰਨ ਕਾਲਮੀ ਸੁਰਖੀ ਨੇ ਅਚਾਨਕ ਮੇਰਾ ਧਿਆਨ ਖਿੱਚ ਲਿਆ, ਜਿਹੜੀ ਇਸ ਤਰ੍ਹਾਂ ਸੀ: 'ਹਜ਼ਾਰਾਂ ਨਵੇਂ ਹੁਨਰਮੰਦ ਪ੍ਰਵਾਸੀਆਂ ਲਈ ਬੂਹੇ ਖੁੱਲ੍ਹ ਗਏ।'

ਇਟਲੀ ਦੇ ਸ਼ਹਿਰ ਰੋਮ ਅਤੇ ਯੂਰਪ ਦੀਆਂ ਹੋਰਨਾਂ ਥਾਵਾਂ ਉਤੇ ਮੈਂ ਜਿਸ ਤਰ੍ਹਾਂ ਦਾ ਪ੍ਰਵਾਸੀ ਵਿਰੋਧੀ ਰਾਗ ਸੁਣਿਆ ਸੀ, ਉਸ ਦੇ ਕਾਰਨ ਇਹ ਸੁਰਖੀ ਬਹੁਤ ਤਰੋ-ਤਾਜ਼ਾ ਕਰਨ ਵਾਲੀ ਮਹਿਸੂਸ ਹੋਈ। ਇਸ ਤੋਂ ਵੀ ਵੱਧ ਧਿਆਨ ਖਿੱਚਿਆ ਸਾਜਿਦ ਜਾਵੇਦ ਮੰਤਰੀ ਦੇ ਨਾਂਅ ਨੇ। ਉਹ ਬ੍ਰਿਟਿਸ਼ ਪ੍ਰਧਾਨ ਮੰਤਰੀ ਥੈਰੇਸਾ ਮੇਅ ਦੇ ਮੰਤਰੀ ਮੰਡਲ ਵਿੱਚ ਤੀਜੇ ਸਰਬ ਉਚ ਅਹੁਦੇ ਵਾਲੇ ਮੰਤਰੀ ਹਨ। ਉਨ੍ਹਾਂ ਨੇ ਪਿਛਲੀ ਨੀਤੀ ਨੂੰ ਪਲਟਣ ਵਾਲਾ ਬਿਆਨ ਦਿੱਤਾ ਸੀ, ਜਿਹੜਾ ਅਖਬਾਰਾਂ ਦੀ ਸੁਰਖੀ ਬਣਿਆ ਸੀ। ਪਾਕਿਸਤਾਨੀ ਮੂਲ ਦੇ ਇਸ 48 ਸਾਲਾ ਮੰਤਰੀ ਨੇ ਕਿਸੇ ਜ਼ਮਾਨੇ ਵਿੱਚ ਸਿਰਫ 500 ਪੌਂਡ ਦਾ ਕਰਜ਼ਾ ਲੈ ਕੇ ਆਪਣੇ ਕਾਰੋਬਾਰ ਸ਼ੁਰੂ ਕੀਤਾ ਸੀ ਅਤੇ ਜਦੋਂ ਉਹ ਡਿਉਸ਼ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਬਣੇ ਤਾਂ ਕੰਜ਼ਰਵੇਟਿਵ ਪਾਰਟੀ ਨਾਲ ਸੰਬੰਧ ਮਜ਼ਬੂਤ ਬਣਾਉਣ ਵਿੱਚ ਸਫਲ ਹੋ ਗਏ ਸਨ।

ਸਿਆਸੀ ਦੌਰ ਵਿੱਚ ਲੇਬਰ ਪਾਰਟੀ ਨਾਲ ਸੰਬੰਧਤ ਲੰਡਨ ਦੇ ਮੇਅਰ ਸਾਦਿਕ ਖਾਨ ਨੇ ਵੀ ਸਾਜਿਦ ਜਾਵੇਦ ਨਾਲੋਂ ਕੋਈ ਘੱਟ ਫੁਰਤੀਲਾਪਣ ਨਹੀਂ ਦਿਖਾਇਆ। ਸਾਦਿਕ ਅਜੇ 41 ਸਾਲਾਂ ਦੇ ਹਨ, ਪਰ ਬ੍ਰਿਟੇਨ ਦੇ ਮੰਤਰੀ ਮੰਡਲ ਵਿੱਚ ਕੁਝ ਸਮੇਂ ਤੱਕ ਟਰਾਂਸਪੋਰਟ ਮੰਤਰੀ ਵਜੋਂ ਕੰਮ ਕਰ ਕੇ ਆਪਣੀ ਪ੍ਰਤਿਭਾ ਦਾ ਸਿੱਕਾ ਜਮਾ ਚੁੱਕੇ ਹਨ। ਸਾਦਿਕ ਖਾਨ ਬੜੇ ਮਾਣ ਨਾਲ ਕਹਿੰਦੇ ਹਨ, 'ਬ੍ਰਿਟਿਸ਼ ਮੰਤਰੀ ਮੰਡਲ ਦੀਆਂ ਬੈਠਕਾਂ ਵਿੱਚ ਬੈਠਣ ਵਾਲਾ ਮੈਂ ਪਹਿਲਾ ਮੁਸਲਮਾਨ ਹਾਂ।' ਸਾਲ 2017 ਵਿੱਚ ਜਦੋਂ ਡੋਨਾਲਡ ਟਰੰਪ ਨੇ ਬ੍ਰਿਟੇਨ ਦੇ ਸਰਕਾਰੀ ਦੌਰੇ 'ਤੇ ਆਉਣਾ ਸੀ ਤੇ ਹੋਰਨਾਂ ਲੋਕਾਂ ਨਾਲ ਦਾਅਵਤ ਵਿੱਚ ਸ਼ਾਮਲ ਹੋਣਾ ਸੀ, ਉਦੋਂ ਕੰਜ਼ਰਵੇਟਿਵ ਪਾਰਟੀ ਨੇ ਇਹ ਕਹਿ ਕੇ ਇਤਰਾਜ਼ ਉਠਾਇਆ ਸੀ ਕਿ 'ਮੁਸਲਿਮ ਦੇਸ਼ਾਂ ਉੱਤੇ ਪਾਬੰਦੀ ਲਾਉਣ ਵਾਲੇ ਅਮਰੀਕੀ ਰਾਸ਼ਟਰਪਤੀ ਦੀ ਮਹਿਮਾਨ ਨਿਵਾਜ਼ੀ ਅਸੀਂ ਕਿਵੇਂ ਕਰ ਸਕਦੇ ਹਾਂ, ਕਿਉਂਕਿ ਸਾਡੇ ਕੋਲ ਤਾਂ ਏਥੇ ਮੇਅਰ ਵੀ ਮੁਸਲਮਾਨ ਹੈ, ਇਸ ਲਈ ਟਰੰਪ ਦੇ ਸਰਕਾਰੀ ਦੌਰੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।'

ਹਾਉਸ ਆਫ ਲਾਰਡਜ਼ ਦੇ ਕਮੇਟੀ ਰੂਮ-1 ਵਿੱਚ 'ਇੰਡੀਆ ਐਟ 70-ਨਹਿਰੂ ਟੂ ਮੋਦੀ' ਦੇ ਵਿਸ਼ੇ ਉਤੇ ਚਰਚਾ ਦੀ ਪ੍ਰਧਾਨਗੀ ਕਰਦਿਆਂ ਲਾਰਡ ਮੇਘਨਾਦ ਦੇਸਾਈ ਨੇ ਕਿਹਾ ਸੀ ਕਿ 'ਇਸ ਦੇਸ਼ ਵਿੱਚ ਦੋ ਇਹੋ ਜਿਹੇ ਮੁਸਲਮਾਨ ਹਨ, ਜੋ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦਾਅਵੇਦਾਰੀ ਠੋਕਣ ਦੀ ਸਥਿਤੀ ਵਿੱਚ ਹਨ।' ਉਦੋਂ ਮੌਕੇ ਉੱਤੇ ਹੀ ਇਹ ਸਵਾਲ ਉਭਰਿਆ ਸੀ ਕਿ 'ਕੀ ਮੁਸਲਮਾਨ ਆਪਣੀ ਜਨਮ ਭੂਮੀ (ਭਾਵ ਭਾਰਤ) ਵਿੱਚ ਇਹ ਇੱਛਾ ਪਾਲ ਸਕਦੇ ਹਨ, ਜਦ ਕਿ ਉਥੇ ਉਨ੍ਹਾਂ ਦਾ ਇੱਕ ਹਜ਼ਾਰ ਸਾਲ ਪੁਰਾਣਾ ਇਤਿਹਾਸ ਹੈ?''

ਪਿਛਲੇ ਸਾਲ ਕਿੰਗਜ਼ ਕਾਲਜ ਲੰਡਨ ਵਿੱਚ ਅਜਿਹੀ ਇੱਕ ਚਰਚਾ ਦੌਰਾਨ ਕਿਸੇ ਨੇ ਇੰਗਲਿਸ਼ ਕ੍ਰਿਕਟ ਟੀਮ ਵਿੱਚ ਚਾਰ ਮੁਸਲਮਾਨ ਖਿਡਾਰੀਆਂ ਦੀ ਮੌਜੂਦਗੀ ਵੱਲ ਇਸ਼ਾਰਾ ਕੀਤਾ ਸੀ। ਇਸ ਵਾਰ ਮੈਨੂੰ ਲੱਗਦਾ ਹੈ ਕਿ ਡਬਲਯੂ ਜੀ. ਗ੍ਰੇਸ ਤੋਂ ਵੀ ਲੰਮੀ ਦਾੜ੍ਹੀ ਵਾਲੇ ਅਤੇ ਹਮੇਸ਼ਾ ਟੀਮ ਵਿੱਚ ਬਣੇ ਰਹਿਣ ਵਾਲੇ ਮੋਇਨ ਅਲੀ ਟੀਮ ਵਿੱਚ ਸ਼ਾਮਲ ਨਹੀਂ ਹਨ।

ਕਦੀ 9/11 ਦੇ ਅੱਤਵਾਦੀ ਹਮਲੇ ਤੋਂ ਬਾਅਦ ਅੱਤਵਾਦ ਵਿਰੁੱਧ ਜੋ ਜੰਗ ਸ਼ੁਰੂ ਹੋਈ ਸੀ, ਉਸ ਨਾਲ ਜ਼ਿਆਦਾਤਰ ਲੋਕਤੰਤਰੀ ਦੇਸ਼ਾਂ ਵਿੱਚ ਸੱਤਾ ਨੂੰ ਪਿੱਛਿਓਂ ਕੰਟਰੋਲ ਕਰਨ ਵਾਲੇ ਲੋਕਾਂ ਦੇ ਹੱਥਾਂ ਵਿੱਚ ਕੁਝ ਗੈਰ-ਸਾਧਾਰਨ ਤਾਕਤਾਂ ਆ ਗਈਆਂ ਸਨ ਅਤੇ ਬ੍ਰਿਟੇਨ ਵਿੱਚ ਵੀ ਇਹੀ ਹੋਇਆ ਸੀ, ਪਰ ਇਸ ਦੇਸ਼ ਵਿੱਚ ਕਾਨੂੰਨ ਦਾ ਰਾਜ ਇੰਨਾ ਮਜ਼ਬੂਤ ਸੀ ਕਿ ਸੰਸਥਾਗਤ ਪੱਧਰ ਉੱਤੇ ਅਗਾਊਂ ਧਾਰਨਾਵਾਂ ਡੂੰਘੀਆਂ ਜੜ੍ਹਾਂ ਨਹੀਂ ਫੜ ਸਕੀਆਂ। ਲੰਡਨ ਤੋਂ ਮਾਨਚੈਸਟਰ ਤੱਕ ਦੀ ਸੰਖੇਪ ਜਿਹੀ ਯਾਤਰਾ ਮੇਰੇ ਲਈ ਅੱਖਾਂ ਖੋਲ੍ਹਣ ਵਾਲੀ ਸੀ।


ਬ੍ਰਿਟੇਨ ਦੀ ਨੈਸ਼ਨਲ ਹੈਲਥ ਸਰਵਿਸ ਦੇ ਇੱਕ ਮਨੋ-ਰੋਗਾਂ ਬਾਰੇ ਪ੍ਰਸਿੱਧ ਡਾਕਟਰ ਨੇ ਮੇਰੀ ਭੈਣ ਨਾਲ ਵਿਆਹ ਕਰਵਾਇਆ ਸੀ ਤੇ ਤਿੰਨ ਸਾਲ ਪਹਿਲਾਂ ਦਿਮਾਗੀ ਦੌਰਾ ਪੈਣ ਦੇ ਸਮੇਂ ਤੋਂ ਉਹ ਬਿਸਤਰੇ 'ਤੇ ਸੀ। ਹਸਪਤਾਲਾਂ ਵਿੱਚ ਉਸ ਦੀ ਜਿੰਨੀ ਸਾਂਭ-ਸੰਭਾਲ ਹੋ ਰਹੀ ਸੀ, ਉਸ ਉਤੇ ਅੱਖੀਂ ਦੇਖਣ ਨਾਲ ਹੀ ਭਰੋਸਾ ਕੀਤਾ ਜਾ ਸਕਦਾ ਹੈ। 24 ਘੰਟੇ ਸੱਤੇ ਦਿਨ ਡਾਕਟਰੀ ਨਿਗਰਾਨੀ ਵਿੱਚ ਉਸ ਦਾ ਇਲਾਜ ਚੱਲਦਾ ਹੈ। ਦਿਨ ਭਰ ਵਾਰੀ-ਵਾਰੀ ਉਸ ਦੀ ਦੇਖਭਾਲ ਕਰਨ ਵਾਲੇ ਅੰਗਰੇਜ਼ ਇੱਕ ਤਰ੍ਹਾਂ ਉਨ੍ਹਾਂ ਦੇ ਪਰਵਾਰਕ ਮੈਂਬਰ ਬਣ ਚੁੱਕੇ ਹਨ। ਜੇ ਇਹ ਕਿਹਾ ਜਾਵੇ ਕਿ ਮੇਰੀ ਭੈਣ ਦੇ ਤਿਆਰ ਕੀਤੇ ਜਾਣ ਵਾਲੇ ਸੁਆਦੀ ਪਕਵਾਨਾਂ ਦੀ ਵਜ੍ਹਾ ਕਰ ਕੇ ਉਹ ਪਰਵਾਰ ਦਾ ਹਿੱਸਾ ਬਣ ਗਏ ਹਨ ਤਾਂ ਇਹ ਉਨ੍ਹਾਂ ਉੱਤੇ 'ਲਾਲਚ ਦਾ ਦੋਸ਼' ਲਾਉਣ ਵਾਂਗ ਹੋਵੇਗਾ। ਇੱਕ ਦਿਨ ਸ਼ਾਮ ਨੂੰ ਇਫਤਾਰ ਤੋਂ ਬਾਅਦ ਮੈਨੂੰ 'ਸਰਬ ਧਰਮ ਚਰਚਾ' ਲਈ ਸੱਦਿਆ ਗਿਆ, ਜੋ ਮੇਰੇ ਲਈ ਕਾਫੀ ਹੈਰਾਨ ਕਰਨ ਵਾਲੀ ਸੀ, ਕਿਉਂਕਿ ਉਸ ਦਾ ਵਿਸ਼ਾ ਸੀ 'ਵੇਵ ਆਫ ਪਾਪੁਲਿਜ਼ਮ ਇਨ ਯੂਰਪ' (ਯੂਰਪ ਵਿੱਚ ਹਰਮਨ ਪਿਆਰਤਾ ਦੀ ਲਹਿਰ), ਫਿਰ ਵੀ ਇਹ ਚਰਚਾ ਬਹੁਤ ਵੱਕਾਰ ਵਾਲੀ ਸੀ। ਇਸ ਤੋਂ ਪਹਿਲਾਂ ਲੰਡਨ ਵਿੱਚ ਮੈਂ ਲੇਬਰ ਪਾਰਟੀ ਦੇ ਨੇਤਾ ਜੈਰੇਮੀ ਕੋਰਬਿਨ ਅਤੇ ਵੱਖ-ਵੱਖ ਚਰਚਾਂ ਦੇ ਪਾਦਰੀਆਂ ਨਾਲ ਮੁਲਾਕਾਤ ਕੀਤੀ ਸੀ। ਚਰਚਾਂ ਵਿੱਚ ਮੈਂ ਫਿੰਸਬਰੀ ਪਾਰਕ ਮਸਜਿਦ ਦੇ ਬਾਹਰ 'ਸਟਰੀਟ ਇਫਤਾਰ ਪਾਰਟੀ' ਵਿੱਚ ਸ਼ਾਮਲ ਹੋਇਆ ਸੀ। ਉਸ ਪਾਰਟੀ ਵਿੱਚ ਅੰਗਰੇਜ਼ ਬਹੁਤ ਉਤਸ਼ਾਹ ਨਾਲ ਸ਼ਾਮਲ ਹੋਏ ਸਨ।

ਅੱਤਵਾਦ ਵਿਰੁੱਧ ਲੜਾਈ ਵਿੱਚ ਹਰ ਜਗ੍ਹਾ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣਾ ਮੰਦਭਾਗਾ ਸੀ, ਖਾਸ ਤੌਰ 'ਤੇ ਟੋਨੀ ਬਲੇਅਰ ਦੇ ਕਾਰਜਕਾਲ ਦੌਰਾਨ, ਪਰ ਉਸ ਦੌਰ ਦੀਆਂ ਵਧੀਕੀਆਂ ਨੇ ਆਮ ਲੋਕਾਂ ਵਿਚ ਅਪਰਾਧ-ਬੋਧ ਦੇ ਨਾਲ ਦਇਆ ਦੀ ਭਾਵਨਾ ਵੀ ਪੈਦਾ ਕਰ ਦਿੱਤੀ। ਫਿਰ ਵੀ ਬ੍ਰਿਟੇਨ ਵਿੱਚ ਮੁਸਲਮਾਨਾਂ ਉੱਤੇ ਅੱਤਵਾਦ ਦੇ ਨਾਂਅ ਉੱਤੇ ਬਣਾਏ ਫੋਕਸ ਦੇ ਮੱਦੇਨਜ਼ਰ ਉਥੇ ਰਹਿਣ ਵਾਲੇ ਸਮੁੱਚੇ ਦੱਖਣ ਏਸ਼ੀਆਈ ਭਾਈਚਾਰੇ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ।

ਬੀਤੇ ਦਿਨੀਂ ਹੋਏ ਇੱਕ ਅਧਿਐਨ ਤੋਂ ਖੁਲਾਸਾ ਹੋਇਆ ਹੈ ਕਿ ਸਥਾਨਕ ਲੋਕਾਂ ਦੀ ਨਜ਼ਰ ਵਿੱਚ ਦੱਖਣ ਏਸ਼ੀਅਨ ਲੋਕਾਂ ਵਿੱਚੋਂ ਪਾਕਿਤਾਨੀਆਂ ਦਾ ਅਕਸ ਸਭ ਤੋਂ ਨਾਂਹ ਪੱਖੀ ਹੈ। ਪਿਛਲੇ ਮਹੀਨੇ 1668 ਬ੍ਰਿਟਿਸ਼ ਬਾਲਗਾਂ ਨੂੰ ਪੁੱਛਿਆ ਗਿਆ ਕਿ ਭਾਰਤੀ, ਬੰਗਲਾ ਦੇਸ਼ੀ ਤੇ ਪਾਕਿਸਤਾਨੀ ਬ੍ਰਿਟੇਨ ਦੇ ਜਨਜੀਵਨ 'ਤੇ ਹਾਂ ਪੱਖੀ ਅਸਰ ਛੱਡਦੇ ਹਨ ਜਾਂ ਨਾਂਹਪੱਖੀ? ਇਸ ਦੇ ਜਵਾਬ ਵਿੱਚ ਸਾਰਿਆਂ ਨੇ ਭਾਰਤੀਆਂ ਨੂੰ ਹਾਂ-ਪੱਖੀ ਅਕਸ ਦੇ ਪੱਖ ਤੋਂ ਸਭ ਤੋਂ ਅੱਗੇ ਦੱਸਿਆ। ਜਿਨ੍ਹਾਂ ਲੋਕਾਂ ਤੋਂ ਸੁਆਲ ਪੁੱਛੇ ਗਏ ਸਨ, ਉਨ੍ਹਾਂ ਵਿੱਚੋਂ 25 ਫੀਸਦੀ ਨੇ ਕਿਹਾ ਕਿ ਭਾਰਤੀਆਂ ਦਾ ਯੋਗਦਾਨ ਹਾਂ-ਪੱਖੀ ਹੈ। ਜਦੋਂ ਹਾਂ-ਪੱਖੀ ਤੇ ਨਾਂਹ-ਪੱਖੀ ਅੰਕੜਿਆਂ ਦੀ ਤੁਲਨਾ ਕੀਤੀ ਗਈ ਤਾਂ ਪਾਕਿਸਤਾਨੀਆਂ ਦਾ ਸਕੋਰ-4 ਅਤੇ ਬੰਗਲਾ ਦੇਸ਼ੀਆਂ ਦਾ ਸਕੋਰ-ਤਿੰਨ ਸੀ। ਸਾਫ ਹੈ ਕਿ ਆਪਣੀ ਆਬਾਦੀ ਦੇ ਹਿਸਾਬ ਨਾਲ ਪਾਕਿਸਤਾਨ ਤੇ ਬੰਗਲਾ ਦੇਸ਼ ਦੇ ਬਹੁਤ ਘੱਟ ਮੁਸਲਮਾਨ ਉਚ ਅਹੁਦਿਆਂ 'ਤੇ ਪਹੁੰਚ ਸਕੇ ਹਨ, ਜਦ ਕਿ ਵੱਖ-ਵੱਖ ਖੇਤਰਾਂ ਵਿੱਚ ਉਚੇ ਅਹੁਦਿਆਂ 'ਤੇ ਪਹੁੰਚੇ ਦੱਖਣ ਏਸ਼ੀਆਈ ਲੋਕਾਂ 'ਚੋਂ ਜ਼ਿਆਦਾ ਹਿੰਦੂ ਹੀ ਹਨ। ਇਸ ਅਸਾਵੇਂਪਣ ਦੀਆਂ ਜੜ੍ਹਾਂ ਭਾਰਤ ਦੇ ਸਮਾਜਕ ਇਤਿਹਾਸ 'ਚੋਂ ਲੱਭ ਸਕਦੀਆਂ ਹਨ। ਬਹੁ-ਗਿਣਤੀ ਭਾਈਚਾਰੇ ਨੇ 19ਵੀਂ ਸਦੀ ਦੇ ਆਖਰੀ ਸਾਲਾਂ ਦੌਰਾਨ ਪੱਛਮੀ ਸਿਖਿਆ ਨੂੰ ਅਪਣਾ ਲਿਆ ਸੀ, ਜਦ ਕਿ ਮੁਸਲਮਾਨ ਲੰਮੇ ਸਮੇਂ ਤੱਕ ਆਪਣੇ ਸਾਮੰਤਵਾਦੀ ਦੌਰ ਦੀਆਂ ਯਾਦਾਂ ਅਤੇ ਉਰਦੂ ਸਭਿਅਤਾ ਵਿੱਚ ਹੀ ਫਸੇ ਰਹੇ।

ਆਪਣੇ ਮੁੱਢਲੇ ਸਾਲਾਂ ਵਿੱਚ ਮੈਂ ਦੇਖਿਆ ਸੀ ਕਿ 50 ਸਾਲ ਪਹਿਲਾਂ ਗੋਰਾ ਨਸਲਵਾਦੀ ਇਨੋਕ ਪਾਵੇਲ ਕਿਸ ਤਰ੍ਹਾਂ ਏਸ਼ੀਅਨ ਪਰਵਾਸੀਆਂ ਵਿਰੁੱਧ ਜ਼ਹਿਰ ਉਗਲਦਾ ਸੀ। ਉਸ ਦੌਰ ਵਿੱਚ ਉਦਾਰਵਾਦੀ ਮੀਡੀਆ ਨੇ ਪਾਵੇਲ ਨੂੰ ਵੀ ਜ਼ੋਰਦਾਰ ਆਲੋਚਨਾ ਦਾ ਨਿਸ਼ਾਨਾ ਬਣਾਇਆ ਸੀ। ਇੱਕ ਵਾਰ ਤਾਂ ਇੰਝ ਲੱਗਾ ਕਿ ਪਾਵੇਲ ਦਾ ਪ੍ਰਭਾਵ ਘਟ ਰਿਹਾ ਹੈ, ਪਰ ਛੇਤੀ ਹੀ ਬ੍ਰਿਟੇਨ ਵਿੱਚ ਗਲੀਆਂ ਅਤੇ ਸੜਕਾਂ 'ਤੇ ਨਸਲਵਾਦ ਦੀ ਨਵੀਂ ਲਹਿਰ ਦੇਖਣ ਨੂੰ ਮਿਲੀ, ਜਿਸ ਦਾ ਨਾਅਰਾ ਸੀ, 'ਪਾਕੀਆਂ ਨੂੰ ਮਾਰੋ।' ਬ੍ਰਿਟੇਨ ਵਿੱਚ ਅਜਿਹੇ ਉਤਰਾਅ-ਚੜ੍ਹਾਅ ਕਦੇ ਵੀ ਮੁੱਖ ਧਾਰਾ ਦਾ ਰੂਪ ਧਾਰਨ ਨਹੀਂ ਕਰ ਸਕੇ। ਉਥੇ ਕਾਨੂੰਨ ਦਾ ਰਾਜ ਹੀ ਉਥੋਂ ਦੀ ਮੁੱਖ ਧਾਰਾ ਬਣਿਆ ਰਿਹਾ ਤੇ ਇਹੋ ਉਹ ਆਧਾਰ ਹੈ, ਜੋ ਮੁੱਖ ਤੌਰ ਉਤੇ ਸਾਜਿਦ ਜਾਵੇਦ ਅਤੇ ਸਾਦਿਕ ਖਾਨ ਵਰਗਿਆਂ ਦੇ ਉਭਾਰ ਦੀ ਵਜ੍ਹਾ ਬਣਿਆ ਹੈ।

ਉਂਝ ਸੰਤਰਿਆਂ ਤੇ ਸੇਬਾਂ ਦੀ ਆਪਸ ਵਿੱਚ ਤੁਲਨਾ ਕਰਨਾ ਬੇਹੂਦਾ ਹੈ। ਸਾਡੀ ਸਭਿਅਤਾ ਦਾ ਖਜ਼ਾਨਾ ਆਪਣੇ ਆਪ ਵਿੱਚ ਬੇਮਿਸਾਲ ਹੈ ਅਤੇ ਸਾਡੀ ਵੰਨ-ਸੁਵੰਨਤਾ ਹੈਰਾਨ ਕਰ ਦੇਣ ਵਾਲੀ ਹੈ। ਭਾਰਤ ਵਿੱਚ ਬ੍ਰਿਟੇਨ ਵਰਗੀ ਘਟਨਾ ਸਾਕਾਰ ਹੋ ਸਕਦੀ ਸੀ, ਪਰ ਸਾਡੇ ਸਿਆਸਤਦਾਨਾਂ ਨੇ ਪਹਿਲੇ ਦਿਨ ਤੋਂ ਹੀ ਸਭ ਕੁਝ ਗੁੜ-ਗੋਬਰ ਕਰ ਦਿੱਤਾ।









# ਘਰ ਵਿੱਚੋਂ ਕਢ ਦਿੱਤਾ ਬਾਹਰ, ਪਰ ਕਾਰਨ ਦਾ ਪਤਾ ਹੀ ਨਾਂ ਲੱਗਾ



ਅਮਨ

ਮੈਨੂੰ ਆਪਣਾ ਸ਼ਹਿਰ ਬਦਲਣਾ ਪਿਆ ਆਪਣੇ ਪਰਿਵਾਰ ਕਾਰਨ ਤਾਂ ਕਿ ਮੇਰੀ ਪਤਨੀ ਨੂੰ ਨੌਕਰੀ ਕਰਨਾ ਸੌਖਾ ਹੋ ਜਾਵੇ ਅਤੇ ਉਹ ਆਪਣੇ ਪਰਿਵਾਰ ਦੀ ਦੇਖ ਰੇਖ ਵੀ ਕਰ ਸਕੇ . ਨਵੇਂ ਸ਼ਹਿਰ ਵਿਚ ਇੱਕ ਘਰ ਦੇਖਿਆ, ਦੇਖਣ ਵਿਚ ਬਹੁਤ ਸੋਹਣਾ ਸੀ ਅਤੇ ਮੈਂ ਕਿਹਾ ਗਿਆ ਰੈਂਟ ਦੇ ਵੀ ਸਕਦਾ ਸੀ . ਮੈਂ ਹਾਂ ਕਰ ਦਿੱਤੀ।

ਘਰ ਦੀ ਮਾਲਕਣ ਨੇ ਕਿਹਾ ਕਿ ਅਸੀਂ ਉਸਦੇ ਘਰ ਵਿਚ ਪਿਆ ਸਮਾਨ ਵਰਤ ਸਕਦੇ ਹਾਂ . ਉਹਨਾਂ ਨੇ ਮੈਨੂੰ ਬੜੇ ਹੀ ਪਿਆਰ ਨਾਲ ਕਿਹਾ, "ਬੇਟਾ ਇਹ੍ਹ ਵੀ ਤਾਂ ਤੁਹਾਡਾ ਘਰ ਹੀ ਹੈ . ਸਰਦੀਆਂ ਦਾ ਮੌਸਮ ਹੈ, ਤੁਸੀਂ ਸਾਡੀਆਂ ਰਜਾਈਆਂ ਕੱਢ ਲੈਣਾ ." ਉਹਨਾਂ ਦੇ ਪਿਆਰ ਨਾਲ ਬੋਲਣ ਕਾਰਨ, ਮੈਂ ਉਹਨਾਂ ਦਾ ਸਮਾਨ ਇੱਕ ਦੋ ਦਿਨਾਂ ਲਈ ਵਰਤਣ ਲਈ ਤਿਆਰ ਹੋ ਗਿਆ।

ਮੈਂ ਜਦ ਵੀ ਉਹਨਾਂ ਨੂੰ ਆਪਣਾ ਸਮਾਨ ਲਿਆਉਣ ਲਈ ਕਹਿੰਦਾ ਤਾਂ ਉਹ ਬਾਰ ਬਾਰ ਅਸੀਧੇ ਤੌਰ ਤੇ ਮਨਾ ਕਰ ਦਿੰਦੇ ਅਤੇ ਕਹਿੰਦੇ, "ਤੁਸੀਂ ਸਾਡਾ ਸਮਾਨ ਹੀ ਵਰਤ ਲਿਆ ਕਰੋ। ਕੀ ਇਹ ਤੁਹਾਡਾ ਘਰ ਨਹੀਂ ." ਇੰਨੀ ਗਲ ਸੁਣਦਿਆਂ ਹੀ ਮੈਨੂੰ ਚੁੱਪ ਕਰਨਾ ਪੈਂਦਾ। ਦੂਜੇ ਪਾਸੇ ਉਹਨਾਂ ਦੇ ਘਰ ਦਾ ਸਾਮਾਨ ਬਹੁਤ ਹੀ ਗੰਦਾ ਸੀ . ਬੈਡ ਦਾ ਗਦਾ ਮੈਲ ਨਾਲ ਭੂਰਾ ਹੋ ਚੁੱਕਾ ਸੀ . ਬੈਡ ਦੀ ਚਾਦਰ ਵੀ ਕਿਸੇ ਮੈਲੇ ਪੁਰਾਣੇ ਕਪੜੇ ਦੀ ਬਣਾਈ ਲਗਦੀ ਸੀ। ਮੈਂ ਤਾਂ ਚਲੋ ਫਿਰ ਵੀ ਉਸ ਉਤੇ ਸੋ ਜਾਂਦਾ, ਪਰ ਮੇਰੀ ਪਤਨੀ ਅਤੇ ਮਾਤਾ ਜੀ ਵਾਸਤੇ ਬਹੁਤ ਔਖਾ ਸੀ। ਬਹੁਤ ਹੀ ਪੁਰਾਣੇ ਰਿਵਾਜ ਦਾ ਟੀਵੀ ਪਿਆ ਸੀ . ਟੁੱਟੀ ਜਿਹੀ ਵਾਸ਼ਿੰਗ ਮਸ਼ੀਨ, ਪੁਰਾਣਾ ਇਨਵਰਟਰ ਵੀ ਪਿਆ ਸੀ। ਹੈਰਾਨੀ ਹੁੰਦੀ ਸੀ ਦੇਖ ਕੇ ਕਿ ਇੰਨੀ ਸੋਹਣੀ ਕੋਠੀ ਵਿਚ ਇੰਨਾ ਘਟਿਆ ਸਮਾਨ ਕਿਉਂ ਰਖਿਆ ਹੋਇਆ ਹੈ।

ਮੇਰੀ ਪਤਨੀ ਅਤੇ ਮੇਰੀ ਮਾਤਾ ਜੀ ਨੇ ਕਿਹਾ ਕਿ ਆਪਾਂ ਤਾਂ ਆਪਣਾ ਸਮਾਨ ਹੀ ਵਰਤਾਂਗੇ, ਆਪਨੇ ਤੋਂ ਤਾਂ ਨਹੀਂ ਇਹੋ ਜਿਹਾ ਸਮਾਨ ਵਰਤਿਆ ਜਾਣਾ . ਮੈਨੂੰ ਹੁਣ ਇਹ ਗਲ ਤਾਂ ਮੰਨਣੀ ਪੈਣੀ ਸੀ . ਮੈਂ ਸੋਚਿਆ ਮੈਂ ਘਰ ਦੀ ਮਾਲਕਣ ਦੇ ਬੇਟੇ ਨਾਲ ਗਲ ਕਰਦਾ ਹਾਂ ਕਿਉਂਕਿ ਉਹ ਪੜ੍ਹਿਆ ਲਿਖਿਆ ਸੀ, ਮੈਂ ਸੋਚਿਆ ਉਹ ਸਿਧੀ ਜਿਹੀ ਗਲ ਕਰੇਗਾ ਕਿ ਅਸੀ ਆਪਣਾ ਸਮਾਂ ਕਦੋਂ ਲਿਆਈਏ।

ਮੈਂ ਉਸ ਨਾਲ ਗਲ ਕੀਤੀ . ਮੈਂ ਵੀ ਸਾਫ਼ ਸਾਫ਼ ਹੀ ਕਹਿ ਦਿੱਤਾ ਕਿ ਅਸੀ ਤੁਹਾਡਾ ਸਮਾਨ ਨਹੀਂ ਵਰਤਣਾ ਚਾਹੁੰਦੇ . ਤੁਸੀਂ ਸਾਨੂੰ ਸਾਫ਼ ਸਾਫ਼ ਦੱਸ ਦਿਓ ਕਿ ਅਸੀ ਸਮਾਨ ਕਦੋਂ ਲਿਆਈਏ . ਉਸਨੇ ਕਿਹਾ ਕਿ ਕੋਈ ਗਲ ਨਹੀਂ ਤੁਸੀਂ ਆਪਣਾ ਸਮਾਨ ਲਿਆ ਸਕਦੇ ਹੋਂ . ਮੈਂ ਅਗਲੇ ਹੀ ਦਿਨ ਸਮਾਨ ਲੈ ਆਉਂਦਾ . ਬਹੁਤ ਹੀ ਮੁਸ਼ਕਿਲ ਨਾਲ ਮੈਂ ਆਪਣੇ ਸਾਰੇ ਘਰ ਦਾ ਸਮਾਨ ਪੱਟਿਆ ਅਤੇ ਛੋਟੇ ਹਾਥੀ ਕਰਵਾ ਕੇ ਦੂਜੇ ਸ਼ਹਿਰ ਲਈ ਆਇਆ।

ਪਰ ਅੱਗੋਂ ਜੋ ਹੋਣ ਵਾਲਾ ਸੀ, ਉਸ ਬਾਰੇ ਮੈਂ ਕਦੇ ਸੋਚਿਆ ਵੀ ਨਹੀਂ ਸੀ . ਘਰ ਵਿਚ ਪਹੁੰਚਦਿਆਂ ਸਾਰ ਹੀ ਘਰ ਦੀ ਮਾਲਕਿਨ ਦੇ ਫੋਨ ਆਉਣੇ ਸ਼ੁਰੂ ਹੋ ਗਏ . ਉਹ ਕਹਿਣ ਲਗ ਗਈ ਕਿ ਅਸੀ ਸਮਾਨ ਕਿਉਂ ਲਿਆਏ ਹਾਂ . ਉਸਨੇ ਸਿਧਾ ਹੀ ਸਾਡੇ ਤੇ ਵਰ੍ਹਸਨਾ ਸ਼ੁਰੂ ਕਰ ਦਿੱਤਾ ਕਿ ਅਸੀਂ ਉਸ ਦਾ ਘਰ ਹੁਣੇ ਵਿਹਲਾ ਕਰੀਏ . ਰਾਤ ਦਾ ਸਮਾਂ ਸੀ, ਕੁਝ ਸਮਝ ਨਹੀਂ ਸੀ ਆ ਰਿਹਾ . ਹਾਲਤ ਵੀ ਇੰਨੀ ਟੁਟ ਚੁਕੀ ਸੀ ਕਿ ਕੁਝ ਵੀ ਕਰਨ ਦੀ ਹਿੰਮਤ ਨਹੀਂ ਸੀ।

ਪਰ ਇੱਕ ਗਲ ਮੈਂ ਚੰਗੀ ਤਰਾਂ ਸਮਝ ਚੁੱਕਾ ਸੀ ਕਿ ਇੱਥੇ ਮੇਰੀ ਨਹੀਂ ਨਿਭ ਸਕਦੀ . ਮੇਰੇ ਦਿਮਾਗ ਵਿਚ ਉਸ ਘਰ ਦੀਆਂ ਪੁਰਾਣੀਆਂ ਗੱਲਾ ਵੀ ਯਾਦ ਆਉਣ ਲੱਗੀਆਂ . ਉਸਨੇ ਮੈਨੂੰ ਇੱਕ ਵਾਰੀ ਕਿਹਾ ਸੀ, "ਬੇਟਾ ਤੁਸੀਂ ਬਰ੍ਸ਼ ਸਿਰਫ ਇਸ ਜਗ੍ਹਾ ਕਰਨਾ . ਕਪੜੇ ਸਿਰਫ ਇੱਥੇ ਹੀ ਧੋਨੇ ਹਨ . ਰੋਜ ਪੂਜਾ ਕਰਨੀ ਹੈ . ਫਰਸ਼ ਨੂੰ ਪਾਣੀ ਨਾਲ ਨਹੀਂ ਧੋਣਾ ." ਇਹ ਸਾਰੀਆਂ ਗਲਾਂ ਤਾਂ ਪਹਿਲਾਂ ਹੀ ਮੇਰੇ ਦਿਮਾਗ ਤੇ ਭਾਰੀ ਹੋ ਰਹੀਆਂ ਸਨ . ਪਰ ਹੁਣ ਤਾਂ ਹੱਦ ਹੀ ਹੋ ਚੁੱਕੀ ਸੀ। ਪੂਰੀ ਕੜਾਕੇ ਦੀ ਸਰਦੀ ਸੀ . ਧੁੰਦ ਇੰਨੀ ਕੁ ਜ਼ਿਆਦਾ ਸੀ ਕਿ ਕੁਝ ਦਿਖਾਈ ਹੀ ਨਹੀਂ ਦੇ ਰਿਹਾ ਸੀ . ਉਸ ਰਾਤ ਮੈਂ ਰਾਤ 10:30 ਵਜੇ ਤਕ ਆਪਣੇ ਲਈ ਨਵਾਂ ਘਰ ਹੀ ਲਭ ਰਿਹਾ ਸੀ।

ਸ਼ੁਕਰ ਮਨਾਈ ਜਦੋਂ ਅਗਲੀ ਸਵੇਰ ਮੈਨੂੰ ਇੱਕ ਨਵਾਂ ਘਰ ਲਭਿਆ ਅਤੇ ਮੈਂ ਜਲਦ ਹੀ ਫਿਰ ਸਾਰਾ ਸਮਾਂ ਨਵੇਂ ਘਰ ਵਿਚ ਰਖ ਲਿਆ . ਮੈਂ ਸੋਚਿਆ ਸ਼ਾਇਦ ਸੁਭਾਅ ਨਹੀਂ ਮਿਲਿਆ। ਸ਼ਾਇਦ ਅਸੀਂ ਕੁਦਰਤ ਵਲੋਂ ਹੀ ਫਿਟ ਨਹੀਂ ਬੈਠੇ . ਮੈਂ ਤਾਂ ਨਵੇਂ ਘਰ ਵਿੱਚ ਸੇਟ ਹੋ ਗਿਆ . ਪਰ ਕੁਝ ਦਿਨਾਂ ਬਾਅਦ ਹੀ, ਉਸੇ ਘਰ ਵਿੱਚ ਨਵੇਂ ਕਿਰਾਏਦਾਰ ਆ ਗਏ . ਉਹ ਵੀ ਚੰਗੇ ਘਰ ਦੇ ਪੜ੍ਹੇ ਲਿਖੇ ਲਗ ਰਹੇ ਸਨ . ਪਰ ਮੈਨੂੰ ਅਜੇ ਕਲ੍ਹ ਹੀ ਪਤਾ ਲਗਿਆ ਹੈ ਕਿ ਉਹ ਵੀ ਹੁਣ ਨਵਾਂ ਘਰ ਲਭ ਰਹੇ ਹਨ . ਸੁਣਨ ਵਿਚ ਆਇਆ ਹੈ ਕਿ ਉਹਨਾ ਨੂੰ ਵੀ ਉਹੋ ਕੋਠੀ ਫਰਨੀਚਰ ਸਮੇਤ ਦਿੱਤੀ ਸੀ। ਪਰ ਉਹਨਾਂ ਨੇ ਅਚਾਨਕ ਆਪਣਾ ਫਰਨੀਚਰ ਚੁਕਵਾ ਲਿਆ ਹੈ ਅਤੇ ਹੁਣ ਉਹਨਾ ਕੋਲ ਸੋਨ ਲਈ ਕੋਈ ਬੈਡ ਹੀ ਨਹੀਂ ਹੈ।

ਕੁਦਰਤ ਉਹਨਾ ਦਾ ਭਲਾ ਕਰੇ ਪਰ ਮੈਨੂੰ ਸਮਝ ਹੀ ਨਹੀਂ ਆਈ ਕਿ ਉਹ ਚਾਹੁੰਦੇ ਕੀ ਹਨ . ਅਜਿਹੀਆਂ ਮਾਨਸਿਕ ਬਿਮਾਰੀਆਂ ਅਜਕਲ ਦੁਨਿਆ ਵਿਚ ਬਹੁਤ ਫੈਲ ਰਹੀਆਂ ਹਨ।

# ਮਨੁ ਖਿੜਿਆ ਹਰਿਆ ਬਾਗੁ

–ਅਜੀਤ ਸਿੰਘ ਚੰਦਨ



ਸਾਰੇ ਬਖੇੜੇ ਮਨ ਤੋਂ ਸ਼ੁਰੂ ਹੁੰਦੇ ਹਨ। ਖਿੜੇ ਮੱਥੇ, ਹਸੂੰ-ਹਸੂੰ ਕਰਦੇ ਚਿਹਰੇ ਸੰਸਾਰ ਵਿੱਚ ਬੜੇ ਘੱਟ ਮਿਲਦੇ ਹਨ। ਮਨ ਨੂੰ ਖਿੜਿਆ ਬਾਗ ਬਣਾਉਣ ਲਈ ਗੌਤਮ ਬੁੱਧ ਬਣਨਾ ਪੈਂਦਾ ਹੈ। ਮਨ ਨੂੰ ਸਾਧਣਾ ਪੈਂਦਾ ਹੈ। ਅੰਦਰ ਦਾ ਕੂੜ ਕਬਾੜ ਹੂੰਝ ਕੇ ਸਭ ਬਾਹਰ ਸੁੱਟਣਾ ਪੈਂਦਾ ਹੈ। ਇਹ ਕੂੜ ਕਬਾੜ ਹੋਰ ਕੁਝ ਨਹੀਂ, ਸਾਡੇ ਅੰਦਰਲੀ ਈਰਖਾ, ਸਾੜਾ, ਰੋਸਾ, ਸ਼ਿਕਵਾ ਤੇ ਗੁੱਸਾ ਹੈ, ਜਿਸ ਕਾਰਨ ਸਾਡੇ ਮਨ ਖਿੜਨਾ ਕਿਧਰੇ ਰਿਹਾ, ਹਰ ਵਕਤ ਮਸੋਸਿਆ ਰਹਿੰਦਾ ਹੈ। ਜਿਵੇਂ ਸੂਲੀ 'ਤੇ ਟੰਗਿਆ ਹੋਵੇ। ਕੱਟੇ ਬਗੀਚੇ ਵਿੱਚ ਟਹਿਕਦੇ ਤੇ ਖਿੜੇ ਗੁਲਾਬ ਨੂੰ ਵੇਖੋ, ਕਿਵੇਂ ਮਹਿਕਾਂ ਵੰਡਦਾ ਹੈ। ਸੂਲੀ ਟੰਗਿਆ ਵੀ ਮੁਸਕਰਾਉਂਦਾ ਹੈ। ਸੂਲੀ ਕਿਧਰੇ ਦੂਰ ਨਹੀਂ ਹੁੰਦੀ, ਕੋਲ ਹੀ ਗੁਲਾਬ ਦੇ ਬੂਟੇ ਨੂੰ ਕਿੰਨੇ ਕੰਡੇ ਲੱਗੇ ਹੁੰਦੇ ਹਨ। ਪਰ ਗੁਲਾਬ ਦਾ ਫੁੱਲ ਇਨ੍ਹਾਂ ਕੰਡਿਆਂ ਦੀ ਪਰਵਾਹ ਨਹੀਂ ਕਰਦਾ। ਇਸ ਨੂੰ ਭਰੋਸਾ ਹੁੰਦਾ ਹੈ ਕਿ ਕੰਡੇ ਮੇਰਾ ਕੁਝ ਨਹੀਂ ਵਿਗਾੜ ਸਕਦੇ।

ਕੰਵਲ ਫੁੱਲ ਸੂਰਜ ਦੀਆਂ ਪਹਿਲੀਆਂ ਕਿਰਨਾਂ ਨਾਲ ਖੁੱਲ੍ਹ ਜਾਂਦਾ ਹੈ। ਫਿਰ ਧੁੱਪ ਤੇ ਰੌਸ਼ਨੀ ਪੈਣ ਨਾਲ ਪੂਰੀ ਤਰ੍ਹਾਂ ਪੱਤੀਆਂ ਖੋਲ੍ਹ ਕੇ ਮੁਸਕਰਾਉਂਦਾ ਹੈ। ਕਿੰਨੀ ਸ਼ੋਭਾ ਹੈ ਇਸ ਕੰਵਲ ਫੁੱਲ ਦੀ। ਚਿੱਕੜ ਵਿੱਚ ਉਗ ਕੇ ਵੀ ਮੁਸਕਰਾਉਂਦਾ ਹੈ। ਧੌਣ ਉਚੀ ਕਰਕੇ ਚਿੱਕੜ ਤੋਂ ਉਪਰ ਉਠ ਜਾਂਦਾ ਹੈ। ਖਿੜਦਾ ਹੈ। ਇਸ ਫੁੱਲ ਨੂੰ ਸਰਸਵਤੀ ਅਤੇ ਮਾਂ ਲਕਸ਼ਮੀ ਦੇ ਹੱਥਾਂ ਵਿੱਚ ਖਿੜੇ ਵਿਖਾਇਆ ਗਿਆ ਹੈ। ਇਸ ਫੁੱਲ ਨੂੰ ਸਾਡਾ ਦੇਸ਼ ਗੌਰਵ ਦੇ ਤੌਰ 'ਤੇ ਪੂਜਦਾ ਹੈ ਤੇ ਸਤਿਕਾਰਦਾ ਹੈ। ਜਿਸ ਦਾ ਹਿਰਦਾ ਕੰਵਲ ਫੁੱਲ ਵਾਂਗ ਵਿਗਸੇ ਤੇ ਖਿੜ ਜਾਵੇ, ਉਸ ਇਨਸਾਨ ਦੇ ਚਿਹਰੇ ਦੀ ਨੂਰੀ ਆਭਾ ਵੇਖਣ ਵਾਲੀ ਹੋਵੇਗੀ।

ਜਿਸ ਇਨਸਾਨ ਦੀਆਂ ਅੱਖਾਂ ਗੁਲਾਬ ਦੇ ਫੁੱਲਾਂ ਵੱਲ ਲੱਗੀਆਂ ਰਹਿਣ, ਉਸ ਨੂੰ ਕੰਡੇ ਵਿਖਾਈ ਨਹੀ ਦਿੰਦੇ। ਇਸੇ ਲਈ ਸਿਆਣਿਆਂ ਦਾ ਕਥਨ ਹੈ ਕਿ ਆਸ਼ਾਵਾਦੀ ਹੋ ਕੇ ਜੀਓ। ਆਪਣੀ ਸੋਚ ਨੂੰ ਨਿਰਾਸ਼ਤਾ, ਉਦਾਸੀ ਤੇ ਭੈਅ ਤੋਂ ਬਾਹਰ ਲੈ ਆਓ। ਸੋਚ ਨੂੰ ਤੰਦਰੁਸਤ ਤੇ ਸੁਹਾਵਣੀ ਛਵੀ ਬਖਸ਼ ਦਿਓ। ਖੇੜਾ ਆਪਣੇ ਆਪ ਤੁਹਾਡੇ ਚਿਹਰੇ 'ਤੇ ਸ਼ੁਭਾਇਮਾਨ ਹੋਣ ਲੱਗੇਗਾ। ਨਿੱਕਾ ਬੱਚਾ ਕਿਵੇਂ ਫੁੱਲਾਂ ਵਾਂਗ ਮੁਸਕਰਾਉਂਦਾ ਤੇ ਹੱਸਦਾ ਹੈ ਕਿਉਂਕਿ ਉਸ ਦੇ ਮਨ ਵਿੱਚ ਕੋਈ ਭੈੜ ਨਹੀਂ ਹੁੰਦਾ। ਸ਼ੁੱਧ ਮਨ ਵਿੱਚ ਫੁੱਲ ਖੁਦ ਬਖੁਦ ਖਿੜਦੇ ਹਨ। ਮਹਿਕਦੇ ਹਨ। ਬੱਚਾ ਇਕ ਨੰਨ੍ਹਾ ਫਰਿਸ਼ਤਾ ਹੈ, ਇਹ ਫੁੱਲਾਂ ਵਾਂਗ ਖੇੜੇ ਤੇ ਮੁਸਕਾਨ ਵੰਡਦਾ ਹੈ। ਮਨ ਨੂੰ ਅਵੱਲੀਆਂ ਸੋਚਾਂ ਵਿੱਚੋਂ ਕੱਢ ਕੇ ਚੰਗੀ, ਨਰੋਈ ਤੇ ਤੰਦਰੁਸਤ ਆਸ਼ਾਵਾਦੀ ਸੋਚ ਅਪਨਾ ਲਓ। ਸਿਆਣੇ ਕਹਿੰਦੇ ਹਨ, ਤੁਸੀਂ ਆਪਣੀ ਸੋਚ ਬਦਲ ਲਵੋ, ਤੁਹਾਡੀ ਜ਼ਿੰਦਗੀ ਬਦਲ ਜਾਵੇਗੀ। ਫੁੱਲ ਦਾ ਖੇੜਾ, ਕੁਦਰਤ ਦੀ ਖੂਬਸੂਰਤੀ ਤੇ ਝਰਨਿਆਂ ਚਸ਼ਮਿਆਂ ਦੀ ਤਰਾਵਤ ਆਪਣੇ ਮਨ ਵਿੱਚ ਭਰੋ। ਤੁਹਾਡਾ ਮਨ ਪੈਲਾਂ ਪਾਉਣ ਲੱਗੇਗਾ।

ਕੁਦਰਤ ਵਾਂਗ ਰਸੀਲਾ ਤੇ ਹਰਿਆ ਭਰਿਆ ਮਨ ਤੁਹਾਨੂੰ ਰਸ ਭਰੀ ਜ਼ਿੰਦਗੀ ਦੇ ਲੜ ਲਾ ਸਕਦਾ ਹੈ। ਜਿਹੜੇ ਲੋਕੀਂ ਪਹਾੜਾਂ ਦੀ ਸੈਰ ਲਈ ਜਾਂਦੇ ਹਨ, ਅਸਲ ਵਿੱਚ ਉਨ੍ਹਾਂ ਦੀ ਮਨਸ਼ਾ ਪਹਾੜਾਂ ਦੀ ਵਿਸ਼ਾਲਤਾ, ਖੂਬਸੂਰਤੀ ਅਤੇ ਸੁੰਦਰਤਾ ਨੂੰ ਮਾਣਨਾ ਹੁੰਦਾ ਹੈ। ਜੇ ਤੁਸੀਂ ਪਹਾੜਾਂ 'ਤੇ ਪਹੁੰਚ ਕੇ ਵੀ ਮਨ ਦੀ ਗੰਢੜੀ ਵਿੱਚ ਲੀਰਾਂ, ਮੈਲਾਪਣ ਬੰਨ੍ਹੀਂ ਰੱਖੋਗੇ ਤਾਂ ਮਨ ਕਿਵੇਂ ਲਹਿਰੀਏਦਾਰ ਬਣੇਗਾ। ਮਨ ਨੂੰ ਆਕਾਸ਼ ਵਰਗੀ ਨੀਲੱਤਣ ਨਾਲ ਭਰ ਲਵੋ। ਪੰਛੀਆਂ ਦੀ ਰਸੀਲੀ ਆਵਾਜ਼ ਅਤੇ ਉਚੀ ਉਡਾਣ ਨਾਲ ਮਨ ਵਿੱਚ ਸੁਹੱਪਣ ਵਧੇਗਾ। ਹਾਸਾ, ਖੇੜਾ ਤੇ ਖੁੱਲ੍ਹ ਤੁਹਾਡੀ ਚਾਹਨਾ ਬਣ ਜਾਵੇਗੀ। ਸਿਆਣੇ ਕਹਿੰਦੇ ਹਨ ਕਿ ਜਿਸ ਨੇ ਆਪਣਾ ਮਨ ਸਾਧ ਲਿਆ, ਉਸ ਦਾ ਸਰੀਰ ਆਪਣੇ ਆਪ ਸਾਧਿਆ ਜਾਂਦਾ ਹੈ। ਸਰੀਰ ਨੇ ਮਨ ਦੀ ਆਗਿਆ ਵਿੱਚ ਰਹਿਣਾ ਹੈ। ਜਿਹੋ ਜਿਹਾ ਮਨ ਤੈਸਾ ਹੀ ਤਨ। ਓਦਰੇ ਤੇ ਦੁਖੀ ਮਨ ਨਾਲ ਸਰੀਰ ਕਦੇ ਤੰਦਰੁਸਤ ਨਹੀਂ ਰਹਿ ਸਕਦਾ।

ਖਿੜੇ ਬਾਗ, ਨੱਚਦੀਆਂ ਬਹਾਰਾਂ ਅਤੇ ਨੀਲੀਆਂ ਝੀਲਾਂ 'ਤੇ ਜਾ ਕੇ ਵੇਖੋ! ਜ਼ਿੰਦਗੀ ਕਿਵੇਂ ਨਾਚ ਕਰਦੀ ਪ੍ਰਤੀਤ ਹੁੰਦੀ ਹੈ। ਅਜਿਹੀ ਜ਼ਿੰਦਗੀ ਤੁਹਾਨੂੰ ਆਵਾਜ਼ਾਂ ਮਾਰਦੀ ਹੈ ਕਿ ਇਨ੍ਹਾਂ ਖੁਸ਼ੀਆਂ ਵਿੱਚ ਸ਼ਾਮਲ ਹੋ ਜਾਓ। ਦੁੱਖ, ਦਰਦ ਭੁੱਲ ਕੇ ਖੁਸ਼ ਹੋ ਜਾਓ। ਤੰਦਰੁਸਤ ਹੋ ਜਾਓ। ਬਹਾਰਾਂ ਨੂੰ ਆਪਣੇ ਕਲਾਵੇ ਵਿੱਚ ਭਰ ਲਵੋ। ਜਿਹੜੇ ਇਨਸਾਨ ਖੁਸ਼ ਰਹਿਣ ਦਾ ਨਿਸ਼ਾਨਾ ਮਿੱਥ ਲੈਣ, ਉਹ ਆਪਣੀਆਂ ਲੋੜਾਂ ਘਟਾ ਲੈਂਦੇ ਹਨ। ਸਿੱਧੇ, ਸਾਦੇ ਤੇ ਨਰੋਈ ਸੋਚ ਵਾਲੇ ਜੀਵਨ ਨਾਲ ਲੋਕ ਅੱਗੇ ਵਧਦੇ ਹਨ, ਪਰ ਵਧੇਰੇ ਧਨ ਦੀ ਲਾਲਸਾ, ਵੱਡੀਆਂ ਕੋਠੀਆਂ ਕਾਰਾਂ ਦੇ ਚੱਕਰ ਵਿੱਚ ਪੈ ਕੇ ਕਈ ਵਾਰ ਉਹ ਭੁੱਲ ਭੁਲੱਈਆਂ ਵਿੱਚ ਪੈ ਜਾਂਦੇ ਹਨ ਕਿ ਬਾਹਰ ਨਿਕਲਣ ਦਾ ਰਸਤਾ ਕਿਧਰੇ ਵਿਖਾਈ ਨਹੀਂ ਦਿੰਦਾ। ਇੱਛਾਵਾਂ ਵਧਦੀਆਂ ਜਾਂਦੀਆਂ ਹਨ, ਜੀਵਨ ਗੁੰਝਲਦਾਰ ਬਣਦਾ ਜਾਂਦਾ ਹੈ ਤੇ ਅਖੀਰ ਵਿੱਚ ਅਜਿਹੀ ਲਾਲਸਾ ਤੇ ਲੋਭ ਭਰੀ ਜ਼ਿੰਦਗੀ ਹਨੇਰਾ ਢੋਣ ਵਿੱਚ ਲੰਘ ਜਾਂਦੀ ਹੈ।

ਸਾਡੇ ਗੁਰੂ, ਪੀਰਾਂ ਅਤੇ ਪੈਗੰਬਰਾਂ ਨੇ ਕਿੰਨੇ ਸੋਹਣੇ ਮਾਰਗ ਜ਼ਿੰਦਗੀ ਦੇ ਦਰਸਾਏ ਹਨ। ਸਾਫ, ਪਾਕ ਤੇ ਪਾਕੀਜ਼ਗੀ ਵਾਲਾ ਨਿਰਛਲ ਜੀਵਨ ਜਿਊਂ ਕੇ ਵੇਖੋ। ਤੁਹਾਡੇ ਮਨ ਦੀ ਮੈਲ ਕਿਧਰੇ ਧੋਤੀ ਜਾਵੇਗੀ। ਆਪੇ ਨੂੰ ਸਾਧ ਲਵੋ, ਵੈਰ ਭਾਵਨਾ ਮਨ ਵਿੱਚੋਂ ਕੱਢ ਸੁੱਟੋ। 'ਨਿਰਭੈ ਤੇ ਨਿਰਵੈਰ' ਸੋਚ ਵਾਲਾ ਜੀਵਨ ਜਿਊਂ ਕੇ ਵੇਖੋ! ਫਿਰ ਤੁਹਾਡੇ ਅੰਦਰ ਦੀ ਹਰੇ ਕਚੂਰ ਰੁੱਖਾਂ ਵਰਗੀ ਹਰਿਆਵਲ ਵਸ ਜਾਵੇਗੀ। ਰੂਹ ਵਿੱਚ ਖੇੜਾ ਵਿਗਸ ਜਾਵੇਗਾ। ਅੰਦਰਲਾ ਕੰਵਲ ਖਿੜੇਗਾ। ਮਨ ਸ਼ਾਂਤ ਹੋਵੇਗਾ ਤੇ ਸ਼ਾਂਤ ਮਨ ਨਾਲ ਹੀ ਤੁਸੀਂ ਜ਼ਿੰਦਗੀ ਦੇ ਭੇਦ ਵੀ ਜਾਣ ਜਾਵੋਗੇ।

ਇਹ ਵਿਸ਼ਾਲ ਧਰਤੀ ਤੇ ਨੀਲਾ ਅੰਬਰ, ਰੁੱਖ, ਬੂਟੇ ਤੇ ਬਨਸਪਤੀ ਪਰਮਾਤਮਾ ਦੀ ਅਸਲ ਲੀਲਾ ਹੈ। ਇਸ ਖਿੜੀ ਹੋਈ ਲੀਲਾ ਵਿੱਚ ਤੁਸੀਂ ਆਪਣਾ ਮੂੰਹ ਸੁਜਾ ਕੇ ਨਾ ਬੈਠੋ! ਕੁਦਰਤ ਦੀ ਬੇਪਤੀ ਨਾ ਕਰੋ। ਕੁਦਰਤ ਨਾਲ ਇਕਸੁਰ ਹੋ ਜਾਓ। ਵਗਦੇ ਪਾਣੀਆਂ, ਨਦੀ ਤੇ ਰੰਗਾਂ ਸੁਗੰਧਾਂ ਦੇ ਗੀਤਾਂ ਵਿੱਚ ਤੁਸੀਂ ਵੀ ਸ਼ਾਮਲ ਹੋ ਜਾਓ।

ਇਸ ਕੁਦਰਤ ਦੇ ਭੇਤ ਪਾਉਣ ਲਈ ਤੁਹਾਨੂੰ ਕੁਦਰਤ ਵਰਗਾ ਬਣਨਾ ਪਵੇਗਾ। ਕੁਦਰਤ ਵਰਗਾ ਵਿਸ਼ਾਲ ਅਨੰਦੀ ਤੇ ਸਰੋਦੀ। ਫਿਰ ਤੁਹਾਡੀ ਜ਼ਿੰਦਗੀ ਵਿੱਚ ਰਾਗ ਵਰਗੀ ਮਧੁਰਤਾ ਗੂੰਜੇਗੀ। ਤੁਹਾਡੀ ਦੇਹ ਮੌਲਣ ਲੱਗੇਗੀ ਤੇ ਖੁਸ਼ੀ ਦਾ ਨਾਦ ਤੁਹਾਨੂੰ ਸੁਣਾਈ ਦੇਵੇਗਾ। ਇਹ ਖੁਸ਼ੀ ਦਾ ਨਾਦ ਹੋਰ ਕਿਧਰੇ ਨਹੀਂ, ਤੁਹਾਡੇ ਅੰਦਰਲੇ ਕੰਵਲ ਫੁੱਲ ਵਿੱਚ ਹੀ ਪੈਦਾ ਹੋਣਾ ਹੈ। ਅੰਦਰਲੇ ਕੰਵਲ ਫੁੱਲ ਨੂੰ ਖਿੜਨ ਦਿਓ। ਕੁਦਰਤ ਦੇ ਖੰਡਾਂ ਬ੍ਰਹਿਮੰਡਾਂ ਦੇ ਕਣ-ਕਣ ਵਿੱਚ ਪਿਆਰ ਵਸਿਆ ਹੋਇਆ ਹੈ।

## ਵਿਅੰਗ

### ਅੱਖ ਦੀ ਸ਼ਰਮ

–ਕੇ ਐੱਲ ਗਰਗ

ਸਾਡਾ ਮਿੱਤਰ ਨਘੋਚੀ ਰਾਮ ਅਖਬਾਰਾਂ ਵਿੱਚ ਛਪੀਆਂ ਸੁੰਦਰ, ਮਨਮੋਹਣੀਆਂ ਤਸਵੀਰਾਂ ਦੇਖ-ਦੇਖ ਚਿੜਨ ਲੱਗ ਪੈਂਦਾ ਹੈ। ਬੁੜਬੁੜ ਕਰਦਿਆਂ ਆਖਣ ਲੱਗੇਗਾ, 'ਦੇਖੋ, ਦੇਖੋ, ਕਿਵੇਂ ਅੱਖਾਂ ਪੱਟ-ਪੱਟ ਝਾਕਦੈ। ਜਿਵੇਂ ਕਿਸੇ ਮਾਸ਼ੂਕ ਵੱਲ ਦੇਖ ਰਿਹਾ ਹੋਵੇ। ਜਿਵੇਂ ਮਾਂ ਨੇ ਹੁਣੇ-ਹੁਣੇ ਮੱਖਣੀ ਨਾਲ ਟੁੱਕ ਖੁਆਇਆ ਹੋਵੇ। ਕਿਵੇਂ ਜਵਾਨੀ ਡਲ੍ਹਕਾਂ ਮਾਰਦੀ ਐ। ਡੁੱਬ ਮਰਨ ਦੀ ਥਾਂ ਜਿਵੇਂ ਅੱਖਾਂ ਵਿੱਚ ਖੁਮਾਰੀ ਛਾਈ ਹੋਏ ਹੋਵੇ।"

ਉਸ ਨੂੰ ਕੁੜ੍ਹਦਿਆਂ ਦੇਖ ਕੇ ਅਸੀਂ ਹਮਦਰਦੀ ਨਾਲ ਪੁੱਛਦੇ ਹਾਂ : "ਨਘੋਚੀ ਰਾਮਾ, ਚੰਗੀ ਭਲੀ ਤਾਂ ਤਸਵੀਰ ਐ ਸਰਦਾਰ ਨੌਜਵਾਨ ਦੀ। ਤੂੰ ਐਵੇਂ ਉਹਦੇ 'ਚੋਂ ਕੀੜੇ ਕੱਢੀ ਜਾਨੈਂ। ਬਣਦਾ ਫੱਬਦਾ ਮੁੰਡਾ ਖੁੰਡਾ ਤਾਂ ਲੱਗਦੈ। ਹੋਰ ਫੋਟੋ ਕਿਹੋ ਜਿਹੀ ਹੁੰਦੀ ਐ ਭਲਾ?"

ਸਾਡੀ ਗੱਲ ਤੋਂ ਠੰਢਾ ਪੈਣ ਦੀ ਥਾਵੇਂ ਨਘੋਚੀ ਰਾਮ ਹੋਰ ਵੀ ਜ਼ਿਆਦਾ ਤਾਅ ਖਾ ਕੇ ਬੋਲਦਾ : "ਇਹ ਸਾਲੇ ਹੁਣ ਤਾਂ ਬੁੱਢੇ-ਖੁੱਢੇ ਹੋਏ ਪਏ ਆ। ਐਵੇਂ ਜਵਾਨੀ ਵੇਲੇ ਦੀਆਂ ਤਸਵੀਰਾਂ ਛਪਵਾ ਛਪਵਾ ਲੋਕਾਂ ਨੂੰ ਗੁੰਮਰਾਹ ਕਰੀ ਜਾਂਦੇ ਆ। ਤਰਦਾ ਤਰਦਾ ਮਾਲ ਛਕ ਕੇ ਖੁੱਚਾਂ ਨਿਕਲੀਆਂ ਪਈਆਂ ਸਹੁਰਿਆਂ ਦੀਆਂ। ਕਿਵੇਂ ਜਨਤਾ ਨੂੰ ਹਨੇਰੇ 'ਚ ਰੱਖੀ ਜਾਂਦੇ ਆ।"

"ਤੈਨੂੰ ਚਿੜ ਕਾਹਦੀ ਚੜ੍ਹਦੀ ਐ ਇਹੋ ਜਿਹੀ ਸੋਹਣੀ ਫੋਟੋ ਦੇਖ ਕੇ? ਇਹੋ ਜਿਹੀ ਸੋਹਣੀ ਫੋਟੋ ਦੇਖ ਕੇ ਤਾਂ ਬੰਦੇ ਨੂੰ ਅਸ਼ ਅਸ਼ ਕਰਨਾ ਚਾਹੀਦਾ ਹੈ ਤੇ ਤੈਨੂੰ ਚੀਹ ਚੜ੍ਹੀ ਜਾਂਦੀ ਐ।" ਅਸੀਂ ਆਖਿਆ।

"ਅਸ਼ ਅਸ਼ ਨ੍ਹੀਂ ਫਿੱਟੇ ਮੂੰਹ ਕਹਿਣ ਨੂੰ ਚਿੱਤ ਕਰਦੈ। ਮੈਂ ਸੋਚਦਾਂ ਕਿ ਇਨ੍ਹਾਂ ਭ੍ਰਿਸ਼ਟਾਚਾਰੀਆਂ ਦੀ ਅੱਖ ਵਿੱਚ ਸ਼ਰਮ ਹਯਾ ਹੋਣੀ ਚਾਹੀਦੀ ਹੈ। ਸ਼ਰਮ ਦਾ ਪਾਣੀ ਹੋਣਾ ਚਾਹੀਦਾ ਹੈ, ਪਰ ਇਹ ਇਉਂ ਝਾਕਦੇ ਐ ਜਿਵੇਂ ਬਹੁਤ ਪੁੰਨ ਦਾ ਕੰਮ ਕਰ ਕੇ ਹਟੇ ਹੋਣ। ਜਿਵੇਂ ਕੋਈ ਵੱਡਾ ਮਾਅਰਕਾ ਮਾਰ ਲਿਆ ਹੋਵੇ। ਸ਼ਰਮ ਆਉਣ ਦੀ ਥਾਂ ਇਨ੍ਹਾਂ ਨੂੰ ਆਪਣੇ ਕੰਮਾਂ 'ਤੇ ਗੌਰਵ ਮਹਿਸੂਸ ਹੁੰਦਾ ਹੈ। ਮੁਲਕ ਲੁੱਟ-ਲੁੱਟ ਖਾ ਗਏ, ਚਿੜੀ ਦੇ ਖੰਭ ਵੀ ਨੀਂ ਛੱਡੇ। ਡਕਾਰ ਵੀ ਨੀਂ ਮਾਰਿਆ ਸਭ ਕੁਝ ਖਾ ਕੇ।"

"ਇਹ ਮੁਲਕ ਤਾਂ ਇਉਂ ਈ ਚੱਲੀ ਜਾਣੈ ਭਾਊ। ਤੂੰ ਐਵੇਂ ਖਿੱਝ-ਖਿੱਝ ਕੇ ਆਪਣੀ ਪਿੱਤਾ ਸਾੜੀ ਜਾਨੈਂ।" ਅਸੀਂ ਕਿਹਾ ਤਾਂ ਨਘੋਚੀ ਰਾਮ ਚਾਰੇ ਪੈਰ ਚੁੱਕ ਕੇ ਪਿਆ।

"ਇਹ ਸਭ ਕੁਝ ਤਾਂ ਹੀ ਹੋਈ ਜਾਂਦੈ, ਜਦੋਂ ਤੇਰੇ ਵਰਗੇ ਲੋਕੀ ਬੈਠੇ ਰਹਿੰਦੇ ਆ ਹੱਥ 'ਤੇ ਹੱਥ ਧਰ ਕੇ। ਮੁਤਰ ਮੁਤਰ ਝਾਕੀ ਜਾਂਦੇ ਐ ਇਨ੍ਹਾਂ ਕੁਲੱਛਣਿਆਂ ਵੱਲ। ਗਾਂਧੀ ਦੇ ਬਾਂਦਰ ਵਾਂਗ ਅੱਖਾਂ ਮੁੰਦੀ ਰੱਖਦੇ ਆ ਕੁਕਰਮ ਹੁੰਦੇ ਦੇਖ ਕੇ। ਥੋਡੀਆਂ ਅੱਖਾਂ, ਕੰਨ ਤੇ ਮੂੰਹ ਖੁੱਲ੍ਹੇ ਹੋਣ ਤਾਂ ਜਾਹ ਇਹ ਭੋਰਾ ਕੁਸਕ ਜਾਣ।"

"...ਪਰ ਆਪਾਂ ਕੀ ਕਰ ਸਕਦੇ ਆਂ, ਜਦ ਨਿਆਂ, ਪੁਲਸ, ਸਰਕਾਰ ਇਨ੍ਹਾਂ ਨੂੰ ਨੱਥ ਨ੍ਹੀਂ ਪਾਉਂਦੀ? ਇਹੋ ਜਿਹੇ ਦੇ ਗਲ 'ਚ ਰੱਸੀ ਤਾਂ ਸਰਕਾਰ ਨੇ ਪਾਉਣੀ ਹੁੰਦੀ ਐ।" ਅਸੀਂ ਧੀਰਜ ਨਾਲ ਆਖਿਆ।

"ਸਰਕਾਰਾਂ, ਪੁਲਸ ਤੇ ਨਿਆਂ ਤਾਂ ਇਨ੍ਹਾਂ ਪਹਿਲਾਂ ਈ ਖਰੀਦਿਆ ਹੁੰਦੈ। ਵਿਕੇ ਹੋਏ ਲੋਕਾਂ ਨੇ ਕੀ ਕਰਨਾ ਹੋਇਆ? ਕਰਨਾ ਤਾਂ ਆਖਿਰ ਜਨਤਾ ਨੇ ਹੁੰਦੈ ਸਭ ਕੁਝ। ਜੇ ਚਾਹੇ ਜਨਤਾ ਕੀ ਨ੍ਹੀਂ ਕਰ ਸਕਦੀ? ਜਨਤਾ ਵੱਡੀਆਂ ਵੱਡੀਆਂ ਹਿਟਲਰ ਸਰਕਾਰਾਂ ਉਲਟਾ ਦਿੰਦੀ ਐ, ਇਹ ਨਿੱਕੀਆਂ ਮੋਟੀਆਂ ਭੂੰਡੀਆਂ ਕਿਸ ਮਰਜ਼ ਦੀ ਦਵਾ ਨੇ।" ਨਘੋਚੀ ਰਾਮ ਤਪਿਆ ਖਪਿਆ ਬੋਲੀ ਜਾ ਰਿਹਾ ਸੀ।

ਅਸੀਂ ਕਿਤੇ ਇੱਕ ਮਿੰਨੀ ਕਹਾਣੀ ਪੜ੍ਹੀ ਸੀ। ਲੋਕ ਮਰਨ ਤੇ ਮੌਤ ਦੀਆਂ ਗੱਲਾਂ ਕਰ ਰਹੇ ਸਨ। ਫਲਾਣਾ ਕੈਂਸਰ ਨਾਲ ਮਰ ਗਿਆ, ਢੀਂਕਣਾ ਐਕਸੀਡੈਂਟ ਵਿੱਚ ਮਾਰਿਆ ਗਿਆ। ਇੱਕ ਜਣਾ ਨਜ਼ਲੇ ਜ਼ੁਕਾਮ ਨਾਲ ਹੀ ਭੁਗਤ ਗਿਆ। ਇੱਕ ਬੱਸ ਭੋਰਾ ਸਿਰ-ਦਰਦ ਹੀ ਹੋਇਆ ਸੀ, ਚੜ੍ਹਾਈ ਕਰ ਗਿਆ। ਇੱਕ ਬਜ਼ੁਰਗ ਇਨ੍ਹਾਂ ਸਾਰਿਆਂ ਦੀਆਂ ਗੱਲਾਂ ਤਹੱਲਮ ਨਾਲ ਸੁਣ ਰਿਹਾ ਸੀ। ਹੌਲੀ ਦੇਣੇ ਮੁਸਕਰਾ ਕੇ ਕਹਿਣ ਲੱਗਾ, 'ਮਰਨ ਦਾ ਕੀ ਐ ਭਾਈ, ਜੇ ਮਰਨਾ ਹੀ ਹੋਵੇ ਤਾਂ ਬੰਦਾ ਸ਼ਰਮ ਨਾਲ ਈ ਮਰ ਜਾਂਦੈ ਕਈ ਵਾਰੀ। ਊਂ ਮਰਨ ਵਾਲਾ ਹੋਵੇ ਸਹੀ। ਸ਼ਰਮ ਮੰਨਦਾ ਹੋਵੇ ਬੱਸ।' ਬਜ਼ੁਰਗ ਦੀ ਗੱਲ ਇਸ ਵਿਸ਼ੇ ਵਿੱਚ ਸਮਝਣ ਵਾਲੀ ਹੈ। ਨਘੋਚੀ ਦੀ ਚਿੰਤਾ ਵੀ ਸਹੀ ਹੈ, ਉਸ ਦਾ ਫਿਕਰ ਵੀ ਸਾਡੀ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ।

"...ਪਰ ਭਾਈ ਤੂੰ ਇਨ੍ਹਾਂ ਅਖਬਾਰਾਂ ਵਿੱਚ ਛਪੀਆਂ ਭ੍ਰਿਸ਼ਟਾਚਾਰੀਆਂ ਦੀਆਂ ਫੋਟੋਆਂ 'ਚੋਂ ਲੱਭਦਾ ਕੀ ਰਹਿਨੈਂ? ਸੋਹਣੀ ਫੋਟੋ ਵਿੱਚੋਂ ਕੀ ਲੱਭਣਾ ਹੋਇਆ?" ਅਸੀਂ ਪੁੱਛਿਆ।

ਪ੍ਰਸ਼ਨ ਸੁਣ ਕੇ ਨਘੋਚੀ ਰਾਮ ਨੇ ਔਖ ਜਿਹੀ ਮੰਨਦਿਆਂ ਪਾਸਾ ਜਿਹਾ ਮਾਰਿਆ। ਕਹਿਣ ਲੱਗਾ : "ਮੈਂ ਸਾਰੀ ਫੋਟੋ ਨ੍ਹੀਂ ਦੇਖਦਾ ਹੁੰਦਾ, ਮੈਂ ਤਾਂ ਅਗਲੇ ਦਾ ਚਿਹਰਾ ਤੇ ਅੱਖਾਂ ਹੀ ਦੇਖਦਾਂ। ਮੈਂ ਲੱਭਦਾਂ ਹੁੰਨਾਂ ਕੁਸ਼ ਉਸ 'ਚੋਂ?"

"ਤੂੰ ਅਜਿਹੀ ਕੀ ਸ਼ੈਅ ਲੱਭਦਾ ਹੁੰਨੈਂ, ਨਘੋਚੀ ਰਾਮਾ?" ਅਸੀਂ ਅੱਖਾਂ ਚੌੜੀਆਂ ਕਰ ਕੇ ਪੁੱਛਦੇ ਹਾਂ।

"ਸ਼ਰਮ ਦਾ ਪਾਣੀ। ਹਯਾ ਦੀ ਬੰਦਿਆਈ। ਮੈਂ ਦੇਖਦਾ ਹੁੰਨੈਂ ਕਿ ਕੀ ਕਿਸੇ ਭ੍ਰਿਸ਼ਟਾਚਾਰੀ ਦੀ ਅੱਖ ਦੇ ਕਿਸੇ ਕੋਨੇ ਵਿੱਚ ਸ਼ਰਮ ਦੀ ਕੋਈ ਝਲਕ ਹੈਗੀ ਕਿ ਨਹੀਂ? ਕੋਈ ਹਯਾ ਦੀ ਰੌਸ਼ਨੀ ਝਲਕਦੀ ਹੈ ਕਿ ਨਹੀਂ?" ਨਘੋਚੀ ਰਾਮ ਬੋਲਿਆ

"ਫੇਰ ਲੱਭਿਆ ਕੁਸ਼?"

"ਇਹੋ ਤਾਂ ਰੋਣੈ। ਜੇ ਲੱਭਣ ਲੱਗ ਪੇ ਤਾਂ ਭ੍ਰਿਸ਼ਟਾਚਾਰ ਮੁਲਕ 'ਚੋਂ ਮੁੱਕ ਨਾ ਜਾਵੇ। ਜਦ ਲੋਕ ਭ੍ਰਿਸ਼ਟਾਚਾਰ 'ਤੇ ਸ਼ਰਮ ਮੰਨਣ ਲੱਗ ਪੈਣਗੇ, ਬੇਹਯਾਈ ਸਮਝਣ ਲੱਗ ਪੈਣਗੇ ਕਾਲੇ ਕਾਰਨਾਮਿਆਂ ਨੂੰ, ਬੱਸ ਮੈਂ ਤਾਂ ਉਸੇ ਦਿਨ ਦੀ ਉਡੀਕ 'ਚ ਬੁੱਢਾ ਹੋਈ ਜਾਨੈਂ।" ਨਘੋਚੀ ਤੜਫਿਆ।

"ਨਘੋਚੀ ਰਾਮਾ, ਤੂੰ ਤਾਂ ਇਸ ਝੋਰੇ ਵਿੱਚ ਆਪਣੀ ਜਵਾਨੀ ਗਾਲ ਲੈਣੀ ਐ, ਪਰ ਇਹ ਚਾਮਚੜਿੱਕਾਂ ਸਿੱਧੀਆਂ ਨੀਂ ਹੋਣੀਆਂ। ਇਹ ਤਾਂ ਇਉਂ ਈ ਪੁੱਠੀਆਂ ਲਟਕਦੀਆਂ ਰਹਿਣੀਐਂ।" ਅਸੀਂ ਹੱਸ ਕੇ ਆਖਿਆ।

"ਭਾਊ, ਇਹ ਹੱਸ ਕੇ ਚੱਲ ਹੋਊ ਕਹਿਣ ਵਾਲੀ ਗੱਲ ਨੀਂ। ਮੁਲਕ ਦੀ ਮਰਿਆਦਾ ਤੇ ਆਭਾ ਦੀ ਗੱਲ ਐ। ਉਮੀਦ 'ਤੇ ਜਹਾਨ ਟਿਕਿਆ ਹੋਇਐ। ਕਦੀ ਤਾਂ ਮੁਲਕ ਦੇ 'ਅੱਛੇ ਦਿਨ' ਆਉਣਗੇ ਹੀ।" ਨਘੋਚੀ ਦੀਆਂ ਅੱਖਾਂ ਵਿੱਚ ਆਸ ਦੀ ਕਿਰਨ ਚਮਕਣ ਲੱਗੀ ਸੀ।

"ਭਾਊ, ਇਨ੍ਹਾਂ ਲੋਕਾਂ ਨੂੰ ਭ੍ਰਿਸ਼ਟਾਚਾਰ ਦੀ ਆਦਤ ਪੈਗੀ ਐ। ਆਦਤ ਪੱਕੀ ਹੋਗੀ ਐ। ਵਾਰੇ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।"

"ਫੇਰ ਵੀ, ਫੇਰ ਵੀ...।" ਨਘੋਚੀ ਰਾਮ ਹਾਲੇ ਵੀ 'ਫੇਰ ਵੀ' ਦੀ ਉਡੀਕ 'ਚ ਬੁੱਢਾ ਹੋਈ ਜਾ ਰਿਹਾ ਸੀ।

## ਹਲਕਾ ਫੁਲਕਾ

ਇੱਕ ਵਾਰ ਪਤੀ-ਪਤਨੀ ਵਿਚਕਾਰ ਕਿਸੇ ਗੱਲ ਬਾਰੇ ਤਕਰਾਰ ਹੋ ਰਹੀ ਸੀ। ਆਖਰ ਪਤਨੀ ਨੇ ਖਿੱਝ ਕੇ ਕਿਹਾ, "ਜਦੋਂ ਅਕਲ ਵੰਡੀ ਜਾ ਰਹੀ ਸੀ ਤਾਂ ਉਸ ਵੇਲੇ ਤੁਸੀਂ ਕਿੱਥੇ ਸੀ?"

ਪਤੀ ਨੇ ਤੁਰੰਤ ਕਿਹਾ, "ਉਸ ਵੇਲੇ ਤੇਰੇ-ਮੇਰੇ ਫੇਰੇ ਹੋ ਰਹੇ ਸਨ।"

*********

ਛੋਟੂ, "ਯਾਰ, ਗਰਲ ਫਰੈਂਡ ਨਾਲ ਡੇਟ 'ਤੇ ਖਾਣੇ ਵਿੱਚ ਫਾਲਤੂ ਖਰਚਾ ਨਾ ਹੋਵੇ, ਉਸ ਦੇ ਲਈ ਕੀ ਕਰਾਂ?"

ਮੋਟੂ, "ਆਸਾਨ ਹੈ, ਉਸ ਨੂੰ ਪੁੱਛੀਂ ਕਿ ਕੀ ਖਾਵੇਂਗੀ ਮੋਟੀਏ?"

*********

ਸੋਨੂੰ, "ਇਹ ਦੱਸ ਕਿ ਮੋਬਾਈਲ ਫੋਨ ਦਾ ਸਭ ਤੋਂ ਜ਼ਿਆਦਾ ਫਾਇਦਾ ਕੀ ਹੋਇਆ ਹੈ?"

ਮੋਨੂੰ, "ਬੱਤੀ ਜਾਣ 'ਤੇ ਬਾਥਰੂਮ 'ਚ ਮੋਮਬੱਤੀ ਲਿਜਾਣ ਦੀ ਲੋੜ ਨਹੀਂ ਪੈਂਦੀ।"

*********

ਬੌਸ, "ਅੱਜ ਫਿਰ ਤੂੰ ਦਫਤਰ ਦੇਰ ਨਾਲ ਆਇਆਂ ਏਂ।"

ਸੋਹਣ, "ਹਾਂ, ਮੇਰਾ ਮੋਟਰ ਸਾਈਕਲ ਪੰਕਚਰ ਹੋ ਗਿਆ ਸੀ।"

ਬੌਸ, "...ਤਾਂ ਤੂੰ ਬਸ ਵਿੱਚ ਕਿਉਂ ਨਹੀਂ ਆਉਂਦਾ?"

ਸੋਹਣ, "ਬਸ ਖਰੀਦਣੀ ਮੇਰੇ ਵੱਸ ਦੀ ਗੱਲ ਨਹੀਂ।"

*********

ਸਲਮਾਨ ਖਾਨ ਕੁੜੀ ਦੇਖਣ ਗਿਆ। ਕੁੜੀ ਦੀ ਮਾਂ ਬੇਹੋਸ਼ ਹੋ ਗਈ। ਹੋਸ਼ ਆਈ ਤਾਂ ਕਿਸੇ ਨੇ ਉਸ ਨੂੰ ਪੁੱਛਿਆ, "ਕੀ ਹੋਇਆ?"

ਮਾਂ ਬੋਲੀ, "20 ਸਾਲ ਪਹਿਲਾਂ ਇਹ ਮੈਨੂੰ ਵੀ ਦੇਖਣ ਆਇਆ ਸੀ।"

*********

ਇੱਕ ਕੁੜੀ ਜਮਾਤ ਵਿੱਚ ਬਹੁਤ ਜ਼ਿਆਦਾ ਗੱਲਾਂ ਕਰ ਰਹੀ ਸੀ। ਅਧਿਆਪਕਾ ਨੇ ਕਿਹਾ, "ਕੀ ਗੱਲ ਹੈ ਅੱਜ ਤੈਨੂੰ ਪਹਿਲੀ ਵਾਰ ਇੰਨਾ ਬੋਲਦਾ ਦੇਖਿਆ ਹੈ, ਤੂੰ ਤਾਂ ਅਕਸਰ ਨਜ਼ਰਾਂ ਝੁਕਾ ਕੇ ਬੈਠੀ ਰਹਿੰਦੀ ਏਂ।"

ਕੁੜੀ, "ਮੈਡਮ, ਅੱਜ ਮੇਰਾ ਨੈੱਟ ਦਾ ਰੀਚਾਰਜ ਖਤਮ ਹੋ ਗਿਆ ਹੈ।"




## ਬਚਪਨ ਤੇ ਬਗਾਵਤ


–ਕੁਲਵੰਤ ਸਿੰਘ ਟਿੱਬਾ

ਇਹ ਘਟਨਾ ਸਾਲ 1993 ਦੀ ਹੈ। ਮੇਰੀ ਉਮਰ ਉਸ ਵੇਲੇ ਮਸਾਂ ਦਸ ਸਾਲਾਂ ਦੀ ਹੋਵੇਗੀ ਤੇ ਮੈਂ ਚੌਥੀ ਸ਼੍ਰੇਣੀ ਵਿੱਚ ਪੜ੍ਹਦਾ ਸਾਂ। ਮੇਰੇ ਬਾਪੂ ਜੀ ਮਰੇ ਹੋਏ ਪਸ਼ੂ ਚੁੱਕਣ ਦਾ ਕਿੱਤਾ ਕਰਦੇ ਸਨ। ਪਿੰਡ ਦੀ ਪੰਚਾਇਤ ਨੇ ਸਾਂਝੀ ਥਾਂ ਉਤੇ ਖੁੱਲ੍ਹੀ ਬੋਲੀ ਰਾਹੀਂ ਚਮੜੇ ਦਾ ਠੇਕਾ ਦੇਣਾ ਅਤੇ ਵੱਧ ਬੋਲੀ ਦੇਣ ਵਾਲੇ ਦੇ ਨਾਂ ਠੇਕਾ ਇਕ ਸਾਲ ਲਈ ਤੋੜ ਦਿੱਤਾ ਜਾਂਦਾ। ਬਾਪੂ ਜੀ ਲੰਮੇ ਸਮੇਂ ਤੋਂ ਬੋਲੀ ਦੇ ਕੇ ਚਮੜੇ ਦਾ ਇਹ ਠੇਕਾ ਲੈਂਦੇ ਆ ਰਹੇ ਸਨ। ਸਾਡੇ ਘਰ ਦੇ ਇਕ ਕੋਨੇ ਵਿੱਚ ਬਣੀ ਕੱਚੀ ਕੋਠੜੀ ਵਿੱਚ ਪਸ਼ੂਆਂ ਦੀਆਂ ਖੱਲਾਂ ਰੱਖੀਆਂ ਹੁੰਦੀਆਂ ਤੇ ਮੈਂ ਇਨ੍ਹਾਂ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਨਮਕ ਲਾਉਂਦਾ ਹੁੰਦਾ ਸੀ, ਪਰ ਇਹ ਕਿੱਤਾ ਮੈਨੂੰ ਕਤਈ ਪਸੰਦ ਨਹੀਂ ਸੀ। ਇਕ ਦਿਨ ਪਿੰਡ ਦੇ ਕਿਸੇ ਜੱਟ ਪਰਵਾਰ ਦੇ ਘਰ ਮੱਝ ਮਰ ਗਈ ਤੇ ਉਹ ਸਾਡੇ ਘਰ ਸੁਨੇਹਾ ਦੇ ਗਏ ਕਿ ਮਰੀ ਹੋਈ ਮੱਝ ਚੁੱਕ ਲਿਆਓ। ਉਸ ਪਰਵਾਰ ਦੀ ਕੁੜੀ ਮੇਰੇ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਪੜ੍ਹਦੀ ਸੀ। ਬਾਪੂ ਜੀ ਮੈਨੂੰ ਕਹਿੰਦੇ, 'ਤੂੰ ਮੇਰੇ ਨਾਲ ਚੱਲ, ਆਪਾਂ ਮੱਝ ਰੇਹੜੇ ਉੱਤੇ ਲੱਦ ਕੇ ਹੱਡਾਰੋੜੀ ਲੈ ਚੱਲੀਏ।' ਪਤਾ ਨਹੀਂ ਮਨ ਵਿੱਚ ਕੀ ਉਬਾਲ ਜਿਹਾ ਉਠਿਆ ਜਾਂ ਕੁਝ ਹੋਰ ਹੋਇਆ, ਮੈਂ ਨਾਂਹ ਕਰ ਦਿੱਤੀ। ਅਸਲ ਵਿੱਚ ਮੇਰੇ ਮਨ ਵਿੱਚ ਇਕੋ ਗੱਲ ਚੱਲ ਰਹੀ ਸੀ ਕਿ ਕੱਲ੍ਹ ਨੂੰ ਸਕੂਲ ਵਿੱਚ ਮੈਂ ਉਸ ਕੁੜੀ ਨੂੰ ਕਿਵੇਂ ਮੂੰਹ ਦਿਖਾਵਾਂਗਾ? ਇਸ ਡਰੋਂ ਮੈਂ ਬਾਪੂ ਨੂੰ ਕਿਹਾ, 'ਤੁਸੀਂ ਹੀ ਚੁੱਕ ਲਿਆਓ, ਮੈਂ ਸਿੱਧਾ ਹੱਡਾਰੋੜੀ ਆ ਜਾਵਾਂਗਾ।'

ਇਹ ਗੱਲ ਓਦੋਂ ਆਈ ਗਈ ਹੋ ਗਈ, ਪਰ ਇਸ ਘਟਨਾ ਨੇ ਸਾਡੇ ਪਰਵਾਰ ਦੇ ਇਸ ਕਿੱਤੇ ਪ੍ਰਤੀ ਮੇਰੇ ਮਨ ਵਿੱਚ ਨਫਰਤ ਪੈਦਾ ਕਰ ਦਿੱਤੀ। ਇਕ ਦਿਨ ਸਾਡੇ ਘਰ ਚੌਕੀਦਾਰ ਸੁਨੇਹਾ ਦੇ ਗਿਆ ਕਿ ਸੱਥ ਵਿੱਚ ਚਮੜੇ ਦੇ ਠੇਕੇ ਦੀ ਬੋਲੀ ਹੋ ਰਹੀ ਹੈ, ਪੰਚਾਇਤ ਨੇ ਕਿਹਾ ਹੈ ਕਿ ਆ ਕੇ ਬੋਲੀ ਦੇਵੋ। ਮੇਰਾ ਬਾਪੂ ਸੱਥ ਵੱਲ ਹੋ ਤੁਰਿਆ। ਜਦੋਂ ਮੈਨੂੰ ਪਤਾ ਲੱਗਿਆ ਕਿ ਬਾਪੂ ਠੇਕੇ ਦੀ ਬੋਲੀ ਦੇਣ ਚੱਲਿਆ ਹੈ ਤਾਂ ਮੈਂ ਵਾਹੋ ਦਾਹੀ ਬਾਪੂ ਮਗਰ ਭੱਜਿਆ ਅਤੇ ਰਾਹ ਵਿੱਚ ਬਾਪੂ ਨੂੰ ਰੋਕ ਕੇ ਇਹ ਕਿੱਤਾ ਛੱਡ ਦੇਣ ਲਈ ਵਾਸਤਾ ਪਾਇਆ। ਪਰਵਾਰ ਵਿੱਚ ਸਭ ਤੋਂ ਛੋਟਾ ਹੋਣ ਕਾਰਨ ਮੇਰੀ ਗੱਲ ਅਕਸਰ ਮੰਨ ਲਈ ਜਾਂਦੀ ਸੀ, ਪਰ ਥਾਏਂ ਰੁਕਿਆ ਬਾਪੂ ਕੁਝ ਵਕਤ ਖਾਮੋਸ਼ ਖੜਾ ਮੈਨੂੰ ਘੂਰਦਾ ਰਿਹਾ। ਮੈਨੂੰ ਉਹ ਵਕਤ ਪਹਾੜ ਜਿੱਡਾ ਜਾਪਿਆ। ਆਖਰ ਉਹ ਮੇਰੀ ਗੱਲ ਮੰਨ ਕੇ ਘਰ ਮੁੜ ਆਇਆ। ਉਸ ਪਿੱਛੋਂ ਪਿੰਡ ਦੀ ਪੰਚਾਇਤ ਨੇ ਕਈ ਵਾਰ ਘਰ ਬੰਦੇ ਭੇਜੇ ਕਿ ਸੱਥ ਵਿੱਚ ਆ ਕੇ ਬੋਲੀ ਦੇਵੋ, ਨਹੀਂ ਤਾਂ ਠੇਕਾ ਕਿਸੇ ਹੋਰ ਨੂੰ ਦੇ ਦੇਵਾਂਗੇ, ਪਰ ਬਾਪੂ ਦਾ ਕੋਰਾ ਜੁਆਬ ਸੀ। ਮੈਨੂੰ ਇੰਨਾ ਕੁ ਚਾਅ ਚੜ੍ਹਿਆ, ਜਿਵੇਂ ਕੋਈ ਜੰਗ ਜਿੱਤ ਲਈ ਹੋਵੇ। ਬਚਪਨ ਵਿੱਚ ਇਸ ਮਲੀਨ ਕਿੱਤੇ ਖਿਲਾਫ ਕੀਤੀ ਮੇਰੀ ਬਗਾਵਤ ਨੇ ਮਗਰੋਂ ਮੇਰੀ ਜ਼ਿੰਦਗੀ ਹੀ ਬਦਲ ਕੇ ਰੱਖ ਦਿੱਤੀ।

ਇਸ ਘਟਨਾ ਤੋਂ ਵੀਹ ਸਾਲਾਂ ਬਾਅਦ ਡਾ. ਬੀ ਆਰ ਅੰਬੇਡਕਰ ਨੂੰ ਪੜ੍ਹਿਆ ਤਾਂ ਉਨ੍ਹਾਂ ਵੱਲੋਂ ਦਲਿਤਾਂ ਨੂੰ ਮਲੀਨ ਕਿੱਤੇ ਛੱਡ ਦੇਣ ਵਾਸਤੇ ਦਿੱਤੀ ਸਲਾਹ ਬਾਰੇ ਪੜ੍ਹ ਕੇ ਅੱਖਾਂ ਵਿੱਚ ਹੰਝੂ ਆ ਗਏ। ਬਚਪਨ ਵਿੱਚ ਨਾ ਮੈਂ ਡਾ. ਅੰਬੇਡਕਰ ਨੂੰ ਜਾਣਦਾ ਸੀ ਅਤੇ ਨਾ ਉਨ੍ਹਾਂ ਦੀ ਵਿਚਾਰਧਾਰਾ ਬਾਰੇ ਕੁਝ ਪਤਾ ਸੀ, ਪਰ ਬਚਪਨ ਵਿੱਚ ਕੀਤੀ ਨਿੱਕੀ ਜਿਹੀ ਬਗਾਵਤ ਪਿੱਛੇ ਜਿਹੜਾ ਵੱਡਾ ਦਰਦ ਤੇ ਬੇਚੈਨੀ ਠਾਠਾਂ ਮਾਰ ਰਹੇ ਸਨ, ਉਨ੍ਹਾਂ ਤੋਂ ਮੈਨੂੰ ਜਾਪਿਆ ਕਿ ਬਾਬਾ ਅੰਬੇਡਕਰ ਨੇ ਉਸੇ ਦਰਦ ਦੀ ਉਹੀ ਬੇਚੈਨੀ ਮਹਿਸੂਸ ਕਰ ਕੇ ਇਹ ਕਿੱਤਾ ਛੱਡਣ ਦੀ ਸਲਾਹ ਦਿੱਤੀ ਹੋਵੇਗੀ। ਫਿਰ ਉਨ੍ਹਾਂ ਦਾ ਲਿਖਿਆ ਇਹ ਪੜ੍ਹਿਆ ਕਿ 'ਗੁਲਾਮਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਦਿਓ ਤਾਂ ਬਗਾਵਤ ਕਰ ਦੇਣਗੇ', ਮੇਰੀਆਂ ਭੁੱਬਾਂ ਨਿਕਲ ਗਈਆਂ।

# ਗਣਤੰਤਰ ਲੰਘਦੇ ਸਾਰ ਲੋਕਾਂ ਨੂੰ ਮੂਰਖ ਬਣਨ ਦੇ ਸੱਦੇ ਦੇਣ ਵਾਲਾ ਦੌਰ ਮੁੜ ਕੇ ਚੱਲੇਗਾ



ਜਤਿੰਦਰ ਪੰਨੂ

ਇਸ ਹਫਤੇ ਵਿੱਚ ਭਾਰਤ ਦਾ ਇੱਕ ਹੋਰ ਗਣਤੰਤਰ ਦਿਵਸ ਆਉਣ ਵਾਲਾ ਹੈ, ਉਸ ਭਾਰਤ ਦੇਸ਼ ਦਾ ਗਣਤੰਤਰ, ਜਿਸ ਨੂੰ ਵਿਦੇਸ਼ੀ ਰਾਜ ਦੇ ਜੂਲੇ ਤੋਂ ਛੁਡਾਉਣ ਲਈ ਦੇਸ਼ ਦੇ ਲੋਕਾਂ ਨੇ ਧਰਮਾਂ ਅਤੇ ਜਾਤਾਂ ਤੋਂ ਉੱਪਰ ਉਠ ਕੇ ਕੁਰਬਾਨੀਆਂ ਕੀਤੀਆਂ ਸਨ। ਕੁਰਬਾਨੀਆਂ ਕਰਨ ਵਾਲਿਆਂ ਵਿੱਚ ਸਿਆਸੀ ਸੋਚਣੀ ਦੇ ਪੱਖੋਂ ਵੱਡੇ ਫਰਕ ਵਾਲੇ ਲੋਕ ਵੀ ਸ਼ਾਮਲ ਸਨ ਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਫਾਂਸੀ ਦੇ ਰੱਸੇ ਨਾਲ ਝੂਲ ਗਏ ਜਾਂ ਜੇਲ੍ਹਾਂ ਵਿੱਚ ਉਮਰਾਂ ਗਾਲਦੇ ਰਹੇ ਸਨ। ਜਦੋਂ ਦੇਸ਼ ਨੂੰ ਆਖਰ ਵਿੱਚ ਆਜ਼ਾਦੀ ਨਸੀਬ ਹੋਈ ਤਾਂ ਕੁਰਬਾਨੀਆਂ ਕਰਨ ਵਾਲੇ ਲੋਕ ਭੁਲਾ ਦਿੱਤੇ ਗਏ ਤੇ ਸਿਹਰਾ ਲੈਣ ਦੀ ਦੌੜ ਵਿੱਚ ਅਜਿਹੇ ਲੋਕ ਵੀ ਸ਼ਾਮਲ ਦਿੱਸਣ ਲੱਗ ਪਏ, ਜਿਹੜੇ ਅੰਗਰੇਜ਼ਾਂ ਨਾਲ ਮਿਲ ਕੇ ਮਜ਼ੇ ਕਰਦੇ ਰਹੇ ਸਨ। ਆਜ਼ਾਦੀ ਦੇ ਮੁੱਢਲੇ ਕੁਝ ਕੁ ਸਾਲਾਂ ਦੌਰਾਨ ਫਿਰ ਵੀ ਉਹ ਆਗੂ ਚੋਖੇ ਸਨ, ਜਿਹੜੇ ਆਜ਼ਾਦੀ ਦੀ ਜੰਗ ਦੌਰਾਨ ਸੱਚੇ ਮਨੋਂ ਜੂਝਦੇ ਰਹੇ ਸਨ। ਉਨ੍ਹਾਂ ਸਾਲਾਂ ਦੌਰਾਨ ਹੀ ਭਾਰਤ ਦਾ ਸੰਵਿਧਾਨ ਘੜਿਆ ਗਿਆ ਤੇ ਇਸ ਨੂੰ ਗਣਤੰਤਰ ਐਲਾਨ ਕੀਤਾ ਗਿਆ ਸੀ।

ਜਦੋਂ ਇਸ ਨਵੇਂ-ਨਵੇਂ ਆਜ਼ਾਦ ਹੋਏ ਦੇਸ਼ ਨੂੰ ਗਣਤੰਤਰ, ਅਰਥਾਤ ਗਣ ਕਹੇ ਜਾਂਦੇ ਲੋਕਾਂ ਦਾ ਰਾਜ, ਐਲਾਨ ਕੀਤੇ ਜਾਣ ਲਈ ਇੱਕ ਸੰਵਿਧਾਨ ਮਨਜ਼ੂਰ ਕੀਤਾ ਗਿਆ ਤਾਂ ਉਸ ਦੇ ਪਹਿਲੇ ਸ਼ਬਦ 'ਹਮ ਭਾਰਤ ਕੇ ਲੋਗ' ਲਿਖ ਕੇ ਅੱਗੇ ਗੱਲ ਸ਼ੁਰੂ ਕੀਤੀ ਗਈ ਸੀ। ਬਾਅਦ ਵਿੱਚ 'ਹਮ ਭਾਰਤ ਕੇ ਲੋਗ' ਸਿਰਫ ਕਹਿਣ ਲਈ ਇੱਕ ਸ਼ਬਦ ਰਹਿ ਗਿਆ ਤੇ ਚੋਣਾਂ ਮੌਕੇ ਹਰ ਵਾਰ ਉਹ ਆਗੂ ਜਿੱਤਣ ਲੱਗ ਪਏ, ਜਿਹੜੇ ਲੋਕਾਂ ਦੇ ਨਾਂਅ ਉੱਤੇ ਨੌਟੰਕੀ ਕਰ ਕੇ ਵੋਟਾਂ ਦਾ ਬੋਹਲ ਹੂੰਝਣ ਵਿੱਚ ਬਾਕੀ ਸਾਰਿਆਂ ਤੋਂ ਵੱਧ ਚੁਸਤ ਸਨ। ਕਿਸੇ ਨੇ 'ਗਰੀਬੀ ਹਟਾਓ' ਦਾ ਨਾਅਰਾ ਦੇ ਦਿੱਤਾ, ਕਿਸੇ ਨੇ 'ਆਮ ਆਦਮੀ ਕੇ ਸਾਥ' ਦਾ ਵਾਅਦਾ ਕਰ ਦਿੱਤਾ ਤੇ ਕਿਸੇ ਹੋਰ ਨੇ ਅਗਲਾ ਨਾਅਰਾ 'ਸਬ ਕਾ ਸਾਥ, ਸਬ ਕਾ ਵਿਕਾਸ' ਵਾਲਾ ਪੇਸ਼ ਕਰ ਦਿੱਤਾ। ਗਰੀਬੀ ਕਦੇ ਹਟਦੀ ਨਹੀਂ ਜਾਪਦੀ, ਆਮ ਆਦਮੀ ਮਰਦਾ ਮਰ ਵੀ ਜਾਵੇ ਤਾਂ ਕਿਸੇ ਨੇ ਸਾਥ ਦੇਣ ਲਈ ਨਹੀਂ ਬਹੁੜਨਾ ਤੇ ਜਿਹੜੇ 'ਸਬ ਕਾ ਵਿਕਾਸ' ਕਹਿੰਦੇ ਸਨ, ਉਹ ਸਿਰਫ ਚਹੇਤੇ ਘਰਾਣਿਆਂ ਦੇ ਵਿਕਾਸ ਵਾਸਤੇ ਭਾਰਤ ਤੋਂ ਲੈ ਕੇ ਆਸਟਰੇਲੀਆ ਤੇ ਫਰਾਂਸ ਤੱਕ ਉਡਾਰੀਆਂ ਲਾਈ ਜਾ ਰਹੇ ਹਨ। ਸੰਵਿਧਾਨ ਦੇ ਮੁੱਢ ਵਿੱਚ ਦਰਜ ਕੀਤਾ 'ਹਮ ਭਾਰਤ ਕੇ ਲੋਗ'ਦਾ ਨਾਅਰਾ ਵੀ ਲੀਡਰਾਂ ਦੀ ਜ਼ਬਾਨ ਉੱਤੇ ਚੜ੍ਹਨ ਲਈ ਚੋਣਾਂ ਦੀ ਸਮਾਂ ਸੂਚੀ ਉਡੀਕਣ ਲੱਗ ਪਿਆ ਹੈ।

ਰਾਜਾ ਵੀ ਪੀ ਸਿੰਘ ਨੇ ਪਹਿਲੀ ਵਾਰੀ ਇਹ ਨਾਅਰਾ ਦਿੱਤਾ ਸੀ ਕਿ ਮੇਰੀ ਸਰਕਾਰ ਆ ਗਈ ਤਾਂ ਹਰ ਨਾਗਰਿਕ ਦੇ ਕਰਜ਼ੇ ਉੱਤੇ ਕਾਟਾ ਮਾਰ ਦਿੱਤਾ ਜਾਵੇਗਾ। ਓਦੋਂ ਲੋਕਾਂ ਦੇ ਕਰਜ਼ੇ ਉੱਤੇ ਕਾਟਾ ਵੱਜਣ ਦੀ ਥਾਂ ਅੰਦਰੂਨੀ ਗੁੱਟਬੰਦੀ ਦੇ ਕਾਰਨ ਉਸ ਦੀ ਆਪਣੀ ਸਰਕਾਰ ਉੱਤੇ ਕਾਟਾ ਫੇਰ ਦਿੱਤਾ ਗਿਆ ਤੇ ਉਸ ਦੇ ਬਾਅਦ ਕਈ ਚਿਰ ਇਹ ਨਾਅਰਾ ਸਿਆਸੀ ਧੂੜ ਦੇ ਉੱਪਰ ਉੱਡਦੇ ਪਤੰਗਾਂ ਵਰਗੇ ਅਣਗਿਣਤ ਨਾਅਰਿਆਂ ਵਿੱਚ ਰੁਲ ਕੇ ਰਹਿ ਗਿਆ। ਪਿਛਲੇ ਸਾਲਾਂ ਵਿੱਚ ਇਹ ਫਿਰ ਉੱਭਰ ਪਿਆ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਵਾਅਦਾ ਕੀਤਾ ਤੇ ਪੂਰੇ ਨਾ ਸਹੀ, ਕੁਝ ਨਾ ਕੁਝ ਕਰਜ਼ੇ ਕਿਸਾਨਾਂ ਦੇ ਮੁਆਫ ਕਰਨ ਦਾ ਕੰਮ ਕੀਤਾ ਹੈ। ਉਸ ਦੇ ਬਾਅਦ ਕੁਝ ਹੋਰ ਰਾਜਾਂ ਵਿੱਚ ਕਿਸਾਨਾਂ ਨੂੰ ਇਹ ਸਹੂਲਤ ਮਿਲ ਗਈ। ਪੰਜਾਬ ਸਰਕਾਰ ਅੱਗੋਂ ਖੇਤ ਮਜ਼ਦੂਰਾਂ ਅਤੇ ਸ਼ਹਿਰੀ ਗਰੀਬਾਂ ਦੇ ਕਰਜ਼ੇ ਮੁਆਫ ਕਰਨ ਵਾਸਤੇ ਸੰਕੇਤ ਦੇ ਰਹੀ ਹੈ। ਲੋਕ ਖੁਸ਼ ਹੋ ਰਹੇ ਹਨ। ਇਸ ਵਿੱਚ ਖੁਸ਼ ਹੋਣ ਵਾਲੀ ਗੱਲ ਕਿਹੜੀ ਹੈ, ਸਾਨੂੰ ਸਮਝ ਨਹੀਂ ਆ ਰਹੀ। ਗੱਲ ਇਕੱਲੇ ਪੰਜਾਬ ਦੀ ਨਹੀਂ, ਸਮੁੱਚੇ ਦੇਸ਼ ਦੀ ਹੈ ਤੇ ਇਸ ਪੱਖੋਂ ਇਹ ਗੱਲ ਸ਼ਰਮ ਵਾਲੀ ਹੈ ਕਿ ਆਜ਼ਾਦੀ ਦੇ ਬਹੱਤਰ ਸਾਲ ਬਾਅਦ ਤੇ ਗਣਤੰਤਰ ਬਣਨ ਦੇ ਉਨੱਤਰ ਸਾਲ ਦੇ ਬਾਅਦ ਵੀ ਲੋਕਾਂ ਨੂੰ ਖੁਦ ਕਮਾ ਕੇ ਖਾਣ ਜੋਗੇ ਨਹੀਂ ਕੀਤਾ ਗਿਆ, ਸਬਸਿਡੀਆਂ ਤੇ ਕਰਜ਼ਾ ਮੁਆਫੀਆਂ ਦਾ ਚੋਗਾ ਸੁੱਟ ਕੇ ਪਰਚਾਉਣ ਦੇ ਯਤਨ ਕਰਨੇ ਪੈ ਰਹੇ ਹਨ। ਇਸ ਦੇਸ਼ ਦੇ ਸੰਵਿਧਾਨ ਵਿੱਚ ਜਿਹੜੇ ਨਾਗਰਿਕਾਂ ਦਾ ਮਾਣ ਵਧਾਉਣ ਲਈ ਇਹ ਲਿਖਿਆ ਗਿਆ ਸੀ ਕਿ 'ਹਮ ਭਾਰਤ ਕੇ ਲੋਗ' ਆਪਣੇ ਦੇਸ਼ ਦੇ ਨਸੀਬ ਦੇ ਮਾਲਕ ਬਣਨ ਲੱਗੇ ਹਾਂ, ਉਨ੍ਹਾਂ ਲੋਕਾਂ ਨੂੰ ਇਸ ਸੰਵਿਧਾਨ ਦੀ ਛਤਰੀ ਹੇਠ ਮੰਗਤੇ ਬਣਾਉਣ ਦਾ ਕੰਮ ਕੀਤਾ ਜਾਂਦਾ ਰਿਹਾ ਹੈ। ਅੱਗੋਂ ਲੋਕ ਸਭਾ ਚੋਣਾਂ ਸਿਰ ਉੱਤੇ ਆ ਜਾਣ ਕਾਰਨ ਹਰ ਪਾਰਟੀ ਇਹ ਦੱਸਣ ਦੀ ਦੌੜ ਵਿੱਚ ਹੈ ਕਿ ਅਸੀਂ ਲੋਕਾਂ ਦੀ ਝੋਲੀ ਵਿੱਚ ਵੱਧ ਖੈਰ ਪਾਈ ਹੈ। ਭਾਰਤ ਦੀ ਆਜ਼ਾਦ ਦੇ ਲਈ ਜਿਹੜੇ ਦੇਸ਼ਭਗਤਾਂ ਨੇ ਕੁਰਬਾਨੀਆਂ ਦਿੱਤੀਆਂ ਸਨ, ਉਨ੍ਹਾਂ ਦੀ ਇਹ ਇੱਛਾ ਬਿਲਕੁਲ ਨਹੀਂ ਸੀ ਕਿ ਉਹ ਉਨ੍ਹਾਂ ਨਾਗਰਿਕਾਂ ਦਾ ਦੇਸ਼ ਸਿਰਜ ਦੇਣਗੇ, ਜਿੱਥੇ ਕਿਸੇ ਨਾਗਰਿਕ ਨੂੰ ਦੇਸ਼ ਦਾ ਮਾਲਕ ਨਹੀਂ, ਦੇਸ਼ ਦੀ ਕਮਾਨ ਸੰਭਾਲ ਰਹੇ ਆਗੂਆਂ ਦੇ ਹੱਥਾਂ ਵੱਲ ਨਿੱਤ ਨਵੇਂ ਦਿਨ ਕਿਸੇ ਨਵੀਂ ਖੈਰ ਦੀ ਝਾਕ ਵਿੱਚ ਝਾਕਦੇ ਰਹਿਣਾ ਪੈ ਜਾਵੇ। ਅਸਲੀ ਅਰਥਾਂ ਵਿੱਚ ਜਿਹੜੇ ਦੇਸ਼ਾਂ ਵਿੱਚ ਲੋਕਤੰਤਰ ਹੈ, ਉਨ੍ਹਾਂ ਵਿੱਚ ਅਸੀਂ ਇਹ ਵੇਖਿਆ ਹੈ ਕਿ ਸਰਕਾਰਾਂ ਲਈ ਜਿਹੜੇ ਕੰਮ ਮਿਥੇ ਗਏ ਹਨ, ਉਹ ਚੋਣਾਂ ਦਾ ਦਿਨ ਆਉਣ ਤੋਂ ਪਹਿਲਾਂ ਵੀ ਲਗਾਤਾਰ ਹੁੰਦੇ ਹਨ। ਭਾਰਤ ਵਿੱਚ ਇਹੋ ਜਿਹੇ ਕਈ ਫੈਸਲੇ ਰੋਕ ਕੇ ਰੱਖੇ ਜਾਣ ਦਾ ਰਿਵਾਜ ਹੈ, ਜਿਨ੍ਹਾਂ ਨਾਲ ਆਮ ਲੋਕਾਂ ਦਾ ਹਿੱਤ ਜੁੜਿਆ ਹੁੰਦਾ ਹੈ ਤੇ ਇਨ੍ਹਾਂ ਫੈਸਲਿਆਂ ਨੂੰ ਇਸ ਲਈ ਰੋਕਿਆ ਜਾਂਦਾ ਹੈ ਕਿ ਜੇ ਪਹਿਲਾਂ ਇਹ ਕੰਮ ਕਰ ਦਿੱਤੇ ਤਾਂ ਚੋਣਾਂ ਤੱਕ ਆਮ ਲੋਕਾਂ ਨੂੰ ਯਾਦ ਨਹੀਂ ਰਹਿਣੇ, ਇਸ ਲਈ ਓਦੋਂ ਕੀਤੇ ਠੀਕ ਰਹਿਣਗੇ। ਪਿਛਲੀਆਂ ਪਾਰਲੀਮੈਂਟ ਚੋਣਾਂ ਵੇਲੇ ਜਿਸ ਆਗੂ ਨੂੰ ਇਹ ਕਹਿੰਦੇ ਸੁਣਿਆ ਸੀ ਕਿ ਸਿਆਸੀ ਪਾਰਟੀਆਂ ਚੋਣਾਂ ਨੇੜੇ ਜਾ ਕੇ ਲੋਕਾਂ ਨੂੰ ਰਿਜ਼ਰਵੇਸ਼ਨ ਦੇਣ ਦੇ ਐਲਾਨ ਸਮੇਤ ਕਈ ਕਿਸਮ ਦੇ ਐਲਾਨ ਕਰਦੀਆਂ ਹਨ, ਮੈਂ ਏਦਾਂ ਨਹੀਂ ਕਰਾਂਗਾ, ਉਸ ਨੇ ਇਸ ਵਾਰ ਚੋਣਾਂ ਨੇੜੇ ਆਈਆਂ ਵੇਖ ਕੇ ਇੱਕ ਦਿਨ ਮੰਤਰੀਆਂ ਦੀ ਮੀਟਿੰਗ ਲਾਈ ਤੇ ਉੱਚ ਜਾਤੀ ਮੰਨੇ ਜਾਣ ਵਾਲੇ ਲੋਕਾਂ ਨੂੰ ਰਿਜ਼ਰਵੇਸ਼ਨ ਦੇਣ ਦਾ ਫੈਸਲਾ ਪਾਸ ਕਰਵਾ ਲਿਆ। ਦੂਸਰੇ ਦਿਨ ਹੀ ਲੋਕ ਸਭਾ ਤੋਂ ਪਾਸ ਕਰਵਾ ਕੇ ਤੀਸਰੇ ਦਿਨ ਰਾਜ ਸਭਾ ਕੋਲੋਂ ਮੋਹਰ ਲਗਵਾ ਲਈ ਅਤੇ ਚੌਥੇ ਦਿਨ ਤੱਕ ਰਾਸ਼ਟਰਪਤੀ ਕੋਲ ਉਨ੍ਹਾਂ ਦੇ ਦਸਖਤ ਕਰਵਾਉਣ ਲਈ ਭੇਜ ਕੇ ਛੇਵੇਂ ਦਿਨ ਕੰਮ ਸਿਰੇ ਲਾ ਦਿੱਤਾ। ਬਿਨਾਂ ਬਰੇਕ ਲਾਏ ਚੱਲੀ ਇਹ ਗੱਡੀ ਛੇ ਦਿਨਾਂ ਵਿੱਚ ਏਨੇ ਪੜਾਅ ਪਾਰ ਕਰ ਕੇ ਸਭ ਤੋਂ ਪਹਿਲਾਂ ਗੁਜਰਾਤ ਪਹੁੰਚੀ ਅਤੇ ਅੱਠਵੇਂ ਦਿਨ ਓਥੋਂ ਦੀ ਸਰਕਾਰ ਨੇ ਇਹ ਕਾਨੂੰਨ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਅਗਲੇ ਦੋ ਦਿਨਾਂ ਵਿੱਚ ਚਾਰ ਹੋਰ ਸਰਕਾਰਾਂ ਨੇ ਕਰ ਦਿੱਤਾ। ਭਾਰਤ ਦੀਆਂ ਰਾਜ ਸਰਕਾਰਾਂ ਆਪਣੇ ਸਾਰੇ ਫੈਸਲੇ ਕਰਨ ਵਿੱਚ ਏਡੀ ਫੁਰਤੀ ਕਰਦੀਆਂ ਹੋਣ ਤਾਂ ਪਤਾ ਨਹੀਂ ਕਿੰਨਾ ਪੈਂਡਾ ਹੋ ਚੁੱਕਾ ਹੁੰਦਾ ਤੇ ਲੋਕ ਉਸ ਖੁਸ਼ਹਾਲੀ ਦਾ ਸੁਖ ਮਾਨਣ ਜੋਗੇ ਹੋ ਗਏ ਹੁੰਦੇ, ਜਿਸ ਬਾਰੇ ਸਿਰਫ ਲਾਰੇ ਸੁਣਦੇ ਰਹੇ ਸਨ, ਪਰ ਲੋਕ ਇਹ ਨਹੀਂ ਜਾਣਦੇ ਕਿ ਇਹ ਕੋਈ ਕੰਮ ਨਹੀਂ ਕੀਤਾ ਗਿਆ, ਤੇਜ਼ ਰਫਤਾਰੀ ਨਾਲ ਚੋਣਾਂ ਦਾ ਚੋਗਾ ਖਿਲਾਰਿਆ ਗਿਆ ਹੈ। 'ਤਾਏ ਦੀ ਧੀ ਚੱਲੀ ਤਾਂ ਮੈਂ ਕਿਉਂ ਰਹਾਂ ਇਕੱਲੀ' ਦੇ ਮੁਹਾਵਰੇ ਵਾਂਗ ਕੇਂਦਰ ਸਰਕਾਰ ਦੀ ਇਸ ਫੁਰਤੀ ਨੇ ਰਾਜ ਸਰਕਾਰਾਂ ਨੂੰ ਵੀ ਧਮਕੜੇ ਪਾ ਦਿੱਤਾ ਹੈ, ਕਿਉਂਕਿ ਸਾਫ ਹੋ ਗਿਆ ਹੈ ਕਿ ਜੋ ਕੁਝ ਕਰਨਾ ਹੈ, ਜਨਵਰੀ ਦੇ ਆਖਰੀ ਦਿਨ ਤੱਕ ਕਰਨਾ ਪੈਣਾ ਹੈ, ਫਰਵਰੀ ਦੇ ਪਹਿਲੇ ਪੰਜ ਦਿਨਾਂ ਵਿੱਚ ਏਸੇ ਫੁਰਤੀ ਨਾਲ ਬੱਜਟ ਪਾਸ ਕਰਵਾ ਲਏ ਜਾਣ ਪਿੱਛੋਂ ਛੇਵੇਂ ਦਿਨ ਤੱਕ ਲੋਕ ਸਭਾ ਚੋਣਾਂ ਦਾ ਐਲਾਨ ਕਰਨ ਦੀ ਤਿਆਰੀ ਵਿੱਚ ਚੋਣ ਕਮਿਸ਼ਨ ਫਾਈਲਾਂ ਫੜੀ ਬੈਠਾ ਹੈ, ਉਹ ਹੀ ਚੋਣ ਕਮਿਸ਼ਨ, ਜਿਹੜਾ ਕਹਿਣ ਲਈ ਆਜ਼ਾਦ ਹੈ, ਪਰ ਹਰ ਐਲਾਨ ਕਰਨ ਵੇਲੇ ਰਾਜ-ਕਰਤਿਆਂ ਦੀ ਅੱਖ ਦਾ ਇਸ਼ਾਰਾ ਵੇਖ ਕੇ ਚੱਲਦਾ ਹੈ।

ਹਰ ਵਾਰੀ ਕਿਹਾ ਜਾਂਦਾ ਹੈ ਕਿ ਇਸ ਵਾਰ ਗਣਤੰਤਰ ਸਾਨੂੰ ਫਲਾਣਾ ਵਿਸ਼ੇਸ਼ ਸੱਦਾ ਦੇਂਦਾ ਹੈ, ਏਦਾਂ ਦੀ ਰਿਵਾਇਤ ਵੇਖੀ ਜਾਵੇ ਤਾਂ ਇਸ ਸਾਲ ਦਾ ਗਣਤੰਤਰ ਆਪਣੇ ਦੇਸ਼ ਦੇ ਲੋਕਾਂ ਨੂੰ ਇੱਕ ਵਾਰ ਹੋਰ ਮੂਰਖ ਬਣਨ ਦਾ ਸੱਦਾ ਦੇਣ ਦੀ ਤਿਆਰੀ ਕਰੀ ਬੈਠਾ ਜਾਪਦਾ ਹੈ। ਏਦਾਂ ਦੇ ਮੌਕੇ ਵਤਨ ਲਈ ਕੁਰਬਾਨੀਆਂ ਕਰਨ ਵਾਲਿਆਂ ਦੇ ਨਾਂਵਾਂ ਦਾ ਚੇਤਾ ਤਾਂ ਕਈ ਲੋਕਾਂ ਨੂੰ ਆਵੇਗਾ, ਪਰ ਉਨ੍ਹਾਂ ਦੀ ਕੁਰਬਾਨੀ ਦੇ ਪਿੱਛੇ ਛੁਪੀ ਭਾਵਨਾ ਦਾ ਚੇਤਾ ਕਰਨਾ ਕਿਸੇ ਨੇ ਠੀਕ ਨਹੀਂ ਸਮਝਣਾ।



# ਭਰੋਸੇ ਦੀ ਵੋਟ ਜਿੱਤ ਕੇ ਵੀ ਥੈਰੇਸਾ ਮੇ ਦਾ ਸੰਕਟ ਜਾਰੀ

ਕ੍ਰਿਸ਼ਨ ਭਾਟੀਆ (ਲੰਡਨ ਤੋਂ)

ਭਾਰੀ ਸਿਆਸੀ ਤੂਫਾਨ ਤੋਂ ਬਚ ਕੇ ਨਿਕਲ ਆਉਣ ਦੇ ਬਾਵਜੂਦ ਬ੍ਰਿਟਿਸ਼ ਪ੍ਰਧਾਨ ਮੰਤਰੀ ਥੈਰੇਸਾ ਮੇਅ ਦਾ ਸੰਕਟ ਜਾਰੀ ਹੈ। ਇੰਝ ਸਮਝੋ ਕਿ ਬੁੱਧਵਾਰ 16 ਜਨਵਰੀ ਨੂੰ ਪਾਰਲੀਮੈਂਟ 'ਚ ਉਨ੍ਹਾਂ ਦੀ ਭਰੋਸੇ ਦੀ ਵੋਟ ਨੂੰ ਲੈ ਕੇ ਹੋਈ ਜਿੱਤ ਮੁਸ਼ਕਲਾਂ ਘਟਾਉਣ ਦੀ ਬਜਾਏ ਵਧਾਉਣ ਦੇ ਖਦਸ਼ੇ ਪੈਦਾ ਕਰ ਰਹੀ ਹੈ।



ਪਿਛਲਾ ਹਫਤਾ ਥੈਰੇਸਾ ਮੇਅ ਲਈ ਪ੍ਰੇਸ਼ਾਨੀਆਂ ਵਾਲਾ ਸੀ। ਪਹਿਲਾਂ ਯੂਰਪੀਅਨ ਯੂਨੀਅਨ 'ਚੋਂ ਨਿਕਲਣ ਲਈ ਉਨ੍ਹਾਂ ਨੇ ਪਾਰਲੀਮੈਂਟ ਵਿੱਚ ਜੋ ਸੰਧੀ ਪੇਸ਼ ਕੀਤੀ, ਉਸ 'ਤੇ ਕਰਾਰੀ ਹਾਰ ਤੋਂ ਬਾਅਦ ਲੇਬਰ ਪਾਰਟੀ ਦੇ ਨੇਤਾ ਜੇਰੇਮਾ ਕੋਰਬਿਨ ਵੱਲੋਂ ਉਨ੍ਹਾਂ ਵਿਰੁੱਧ ਬੇਭਰੋਸਗੀ ਮਤਾ ਪੇਸ਼ ਕਰ ਦੇਣਾ ਦੋਵੇਂ ਅਜਿਹੀਆਂ ਘਟਨਾਵਾਂ ਸਨ, ਜਿਨ੍ਹਾਂ ਦਾ ਸਾਹਮਣਾ ਥੈਰੇਸਾ ਮੇਅ ਨੇ ਦਲੇਰੀ ਨਾਲ ਕੀਤਾ। ਇਹ ਉਨ੍ਹਾਂ ਦੀ ਮਜ਼ਬੂਤ ਲੀਡਰਸ਼ਿਪ ਦਾ ਸ਼ਲਾਘਾ ਯੋਗ ਸਬੂਤ ਹੈ, ਪਰ ਸਮੱਸਿਆ ਦਾ ਕੋਈ ਹੱਲ ਨਹੀਂ ਨਿਕਲਿਆ। ਭਰੋਸੇ ਦੀ ਵੋਟ ਜਿੱਤਣ ਤੋਂ ਤੁਰੰਤ ਬਾਅਦ ਥੈਰੇਸਾ ਮੇਅ ਨੇ ਸਾਰੀਆਂ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਗੱਲਬਾਤ ਲਈ ਸੱਦਾ ਦੇ ਕੇ ਉਦਾਰਤਾ ਤੇ ਪ੍ਰਪੱਕਤਾ ਦਾ ਇੱਕ ਹੋਰ ਸਬੂਤ ਦਿੱਤਾ ਤਾਂ ਕਿ ਆਪਸੀ ਵਿਚਾਰ-ਵਟਾਂਦਰੇ ਨਾਲ ਕੋਈ ਅਜਿਹੀ ਨਵੀਂ ਸੰਧੀ ਤਿਆਰ ਕੀਤੀ ਜਾ ਸਕੇ, ਜਿਹੜੀ ਬ੍ਰਿਟਿਸ਼ ਲੋਕਾਂ ਦੇ ਹਿੱਤ 'ਚ ਹੋਵੇ, ਸਭ ਸਿਆਸੀ ਪਾਰਟੀਆਂ ਤੇ ਯੂਰਪੀਅਨ ਯੂਨੀਅਨ ਨੂੰ ਵੀ ਮਨਜ਼ੂਰ ਹੋਵੇ। ਇਸ ਨਾਲ ਸਮੱਸਿਆ ਖਤਮ ਹੋਣ ਦੀ ਆਸ ਬੱਝ ਸਕਦੀ ਸੀ, ਪਰ ਅਜਿਹਾ ਨਹੀਂ ਹੋ ਸਕਿਆ। ਬਾਕੀ ਸਾਰੇ ਪ੍ਰਾਂਤਾਂ ਦੀਆਂ ਸਿਆਸੀ ਪਾਰਟੀਆਂ ਨੇ ਗੱਲਬਾਤ ਦੇ ਸੱਦੇ ਨੂੰ ਕਬੂਲ ਕਰ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਤੇ ਸਹਿਮਤੀ ਪ੍ਰਗਟਾਈ ਕਿ ਨਵੀਂ ਸੰਧੀ ਪੇਸ਼ ਕੀਤੀ ਜਾਵੇ, ਜਿਸ ਵਿੱਚ ਯੂਰਪੀਅਨ ਯੂਨੀਅਨ 'ਚੋਂ ਖਾਲੀ ਹੱਥ ਨਿਕਲਣ ਦੀ ਸ਼ਰਤ ਸ਼ਾਮਲ ਨਾ ਹੋਵੇ, ਪਰ ਪ੍ਰਧਾਨ ਮੰਤਰੀ ਨਾਲ ਇਸ ਮੁਲਾਕਾਤ ਵਿੱਚ ਸ਼ਾਮਲ ਹੋਣ ਤੋਂ ਜੇਰੇਮਾ ਕੋਰਬਿਨ ਨੇ ਸਾਫ ਇਨਕਾਰ ਕਰ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਉਦੋਂ ਤੱਕ ਕਿਸੇ ਗੱਲਬਾਤ 'ਚ ਸ਼ਾਮਲ ਨਹੀਂ ਹੋਣਗੇ, ਜਦੋਂ ਤੱਕ ਥੈਰੇਸਾ ਮੇਅ ਇਹ ਪੱਕਾ ਭਰੋਸਾ ਨਾ ਦੇਣ ਕਿ ਯੂਰਪੀਅਨ ਯੂਨੀਅਨ ਨਾਲ ਕੋਈ ਸੰਧੀ ਕਰ ਕੇ ਹੀ ਬਾਹਰ ਨਿਕਲੇਗੀ, ਖਾਲੀ ਹੱਥ ਨਹੀਂ ਨਿਕਲੇਗੀ।

ਇਸ ਨਾਲ ਸਮੱਸਿਆ ਸੁਲਝਣ ਦੀ ਥਾਂ ਹੋਰ ਉਲਝ ਗਈ। ਥੈਰੇਸਾ ਮੇਅ ਨੂੰ ਨਵੀਂ ਸੰਧੀ ਦਾ ਖਰੜਾ 21 ਜਨਵਰੀ ਤੱਕ ਪੇਸ਼ ਕਰਨਾ ਪਵੇਗਾ। ਉਨ੍ਹਾਂ ਦੀ ਜਿਹੜੀ ਸੰਧੀ ਨੂੰ ਪਾਰਲੀਮੈਂਟ ਨੇ ਰੱਦ ਕਰ ਦਿੱਤਾ ਹੈ, ਉਸ ਨੂੰ ਯੂਰਪੀਅਨ ਯੂਨੀਅਨ ਪ੍ਰਵਾਨ ਕਰਨ ਦੀ ਰਜ਼ਾਮੰਦੀ ਪ੍ਰਗਟਾਅ ਚੁੱਕੀ ਹੈ ਤੇ ਨਾਲ ਉਸ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਇਸ ਸੰਧੀ 'ਚ ਕਿਸੇ ਤਰ੍ਹਾਂ ਦੀ ਸੋਧ ਜਾਂ ਇਸ ਦੀ ਥਾਂ ਕਿਸੇ ਨਵੀਂ ਸੰਧੀ ਉਤੇ ਵਿਚਾਰ ਕਰਨ ਲਈ ਤਿਆਰ ਨਹੀਂ ਹੋਵੇਗੀ। ਅੱਗੋਂ ਥੈਰੇਸਾ ਮੇਅ ਜੋ ਵੀ ਨਵੀਂ ਸੰਧੀ ਪੇਸ਼ ਕਰੇਗੀ, ਉਸ ਦੇ ਲਈ ਪਾਰਲੀਮੈਂਟ ਤੇ ਯੂਰਪੀਅਨ ਯੂਨੀਅਨ ਤੋਂ ਮਨਜ਼ੂਰੀ ਲੈਣੀ ਪਵੇਗੀ। ਇਹ ਦੋਵੇਂ ਸੰਭਾਵਨਾਵਾਂ ਮੁਸ਼ਕਲ ਨਜ਼ਰ ਆ ਰਹੀਆਂ ਹਨ। ਥੈਰੇਸਾ ਮੇਅ ਲਈ ਯੂਰਪੀਅਨ ਯੂਨੀਅਨ ਤੋਂ ਇਨ੍ਹਾਂ ਸ਼ਰਤਾਂ ਨੂੰ ਮਨਜ਼ੂਰ ਕਰਵਾਉਣਾ ਜੇ ਸੰਭਵ ਹੁੰਦਾ ਤਾਂ ਅੱਜ ਜੋ ਸਥਿਤੀ ਬਣੀ ਹੋਈ ਹੈ, ਉਹ ਨਾ ਬਣਦੀ।

ਇਸ ਤੋਂ ਵੀ ਵੱਧ ਕੇ ਮੁਸ਼ਕਲ ਹੋ ਗਿਆ ਹੈ ਬ੍ਰਿਟਿਸ਼ ਪਾਰਲੀਮੈਂਟ ਦੀ ਮਨਜ਼ੂਰੀ ਲੈਣਾ। ਬ੍ਰਿਟੇਨ ਵੱਲੋਂ ਯੂਰਪੀਅਨ ਯੂਨੀਅਨ 'ਚੋਂ ਬਾਹਰ ਨਿਕਲਣ ਦੀ ਤਰੀਕ 29 ਮਾਰਚ ਨੇੜੇ ਆ ਰਹੀ ਹੈ, ਪਰ ਉਦੋਂ ਤੱਕ ਇਹ ਪ੍ਰਕਿਰਿਆ ਪੂਰੀ ਹੋਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆ ਰਹੀ। ਇਸ ਸਥਿਤੀ 'ਚ ਸਵਾਲ ਉਠ ਰਿਹਾ ਹੈ ਕਿ ਆਖਰ ਸਮੱਸਿਆ ਦਾ ਹੱਲ ਕੀ ਹੈ? ਨਵੀਆਂ ਚੋਣਾਂ ਜਾਂ ਦੁਬਾਰਾ ਰੈਫਰੈਂਡਮ। ਲੇਬਰ ਪਾਰਟੀ ਦੇ ਨੇਤਾ ਦੁਬਾਰਾ ਰੈਫਰੈਂਡਮ ਦੇ ਹੱਕ ਵਿੱਚ ਅਜੇ ਤੱਕ ਚੁੱਪ ਹਨ ਤੇ ਉਨ੍ਹਾਂ ਨੇ ਨਵੀਆਂ ਚੋਣਾਂ ਕਰਾਉਣ ਦੀ ਮੰਗ ਕੀਤੀ ਹੈ। ਬਾਕੀ ਸਾਰੀਆਂ ਪਾਰਟੀਆਂ ਦਾ ਮੰਨਣਾ ਹੈ ਕਿ ਦੁਬਾਰਾ ਰੈਫਰੈਂਡਮ ਕਰਵਾ ਕੇ ਲੋਕਾਂ ਦੀ ਰਾਏ ਜਾਣੀ ਜਾਵੇ ਕਿ ਯੂਰਪੀਅਨ ਯੂਨੀਅਨ 'ਚ ਰਹਿਣਾ ਹੈ ਜਾਂ ਇਸ ਤੋਂ ਬਾਹਰ ਨਿਕਲਣਾ ਹੈ ਅਤੇ ਜੇ ਬਾਹਰ ਨਿਕਲਣਾ ਹੈ ਤਾਂ ਕਿਹੜੀਆਂ ਸ਼ਰਤਾਂ 'ਤੇ? ਭਾਵ ਪਹਿਲਾ ਰੈਫਰੈਂਡਮ ਕਰਵਾਉਣਾ ਗਲਤੀ ਸੀ, ਕਿਉਂਕਿ ਦੇਸ਼ ਦੀਆਂ ਪ੍ਰੇਸ਼ਾਨੀਆਂ ਦਾ ਅੰਤ ਨਹੀਂ ਹੋ ਰਿਹਾ। ਪਹਿਲਾ ਰੈਫਰੈਂਡਮ ਕਰਾਉਣ ਵਾਲੇ ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਰੈਫਰੈਂਡਮ ਕਰਵਾਉਣ ਦੇ ਆਪਣੇ ਫੈਸਲੇ 'ਤੇ ਕੋਈ ਅਫਸੋਸ ਨਹੀਂ, ਪਰ ਉਸ ਨਾਲ ਜੋ ਮੁਸ਼ਕਲਾਂ ਅੱਜ ਪੈਦਾ ਹੋ ਰਹੀਆਂ ਹਨ, ਉਨ੍ਹਾਂ ਦਾ ਅਫਸੋਸ ਜ਼ਰੂਰ ਹੈ।

ਇਹ ਸਥਿਤੀ ਦੇਖ ਕੇ ਯੂਰਪੀਅਨ ਯੂਨੀਅਨ ਦੇ ਚੇਅਰਮੈਨ ਨੇ ਮਸ਼ਵਰਾ ਦਿੱਤਾ ਹੈ ਕਿ ਬਿਹਤਰ ਹੋਵੇਗਾ ਜੇ ਬ੍ਰਿਟੇਨ ਯੂਰਪੀਅਨ ਯੂਨੀਅਨ 'ਚੋਂ ਬਾਹਰ ਆਉਣ ਦਾ ਇਰਾਦਾ ਛੱਡੇ ਤੇ ਇਸ ਦਾ ਮੈਂਬਰ ਬਣਿਆ ਰਹੇ।

# ਹੋਸਟਲ ਦੇ ਕਮਰੇ ਦਾ ਡਰ

-ਨਵਜੀਤ ਕੌਰ

ਹੋਸਟਲ ਦੇ ਕਮਰੇ ਵਿੱਚ ਮਾਨਸਿਕ ਅਤੇ ਸਰੀਰਕ ਵਿਕਾਸ ਦਾ ਮੁਢਲਾ ਸਮਾਂ ਗੁਜ਼ਰਦਾ ਹੈ। ਇਹ ਸਮਾਜ ਦੇ ਗਰਭ ਵਾਂਗ ਹੁੰਦਾ ਹੈ, ਜਿਥੇ ਜਵਾਨ ਤੇ ਨਵੇਂ ਵਿਚਾਰ ਜਨਮ ਲੈਂਦੇ ਹਨ। ਘਰੋਂ ਬਾਹਰ ਅਜਿਹੀ ਥਾਂ, ਜਿਥੇ ਵਿਚਾਰਾਂ ਨੂੰ ਪਰੋ ਸਕਣ ਦੀ ਇਕਾ-ਗਰਤਾ ਮਿਲਦੀ ਹੈ, ਪਰ ਹੋਸਟਲ ਦਾ ਇਹੀ ਕਮਰਾ, ਮਾਨਸਿਕ ਅਤੇ ਸਰੀਰਕ ਆਜ਼ਾਦੀ ਦੇ ਸਮੇਂ ਅਤੇ ਸਥਾਨ ਦੀਆਂ ਸੀਮਾਵਾਂ ਵਿੱਚ ਬੰਨ੍ਹ ਵੀ ਦਿੰਦਾ ਹੈ।

ਮੈਂ 2010 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਐਮ ਏ ਇੰਗਲਿਸ਼ ਕੋਰਸ ਵਿੱਚ ਦਾਖਲੇ ਦਾ ਪੇਪਰ ਦੇਣ ਲਈ ਆਈ ਸੀ। ਆਪਣੇ ਕਾਲਜ ਦੀ ਸੀਨੀਅਰ ਦੇ ਹੋਸਟਲ ਕਮਰੇ ਵਿੱਚ ਰਾਤ ਬਿਤਾਈ। ਉਹਨੂੰ ਕਿਹਾ ਕਿ ਬਾਹਰ ਕਾਫੀ ਖੂਬਸੂਰਤ ਮੌਸਮ ਹੈ, ਸੈਰ ਕਰਨ ਚੱਲਦੇ ਹਾਂ, ਪਤਾ ਲੱਗਾ ਕਿ ਇਥੇ ਵੀ ਰਾਤਾਂ ਨੂੰ ਕੁਦਰਤ ਉਤੇ ਪਹਿਰਾ ਲੱਗਦਾ ਹੈ। ਸਾਰੀ ਰਾਤ ਇੰਨੀ ਘੁਟਣ ਹੋਈ ਕਿ ਪਹਿਲੀ ਵਾਰ ਰਾਤ ਨੂੰ ਨੀਂਦ ਨਹੀਂ ਆਈ। ਮੈਨੂੰ ਲੱਗਾ, ਪਿਆਰ ਵਿੱਚ ਨੀਂਦ ਉਡਣ ਦੀ ਥਾਂ, ਬੰਦਿਸ਼ਾਂ ਦਾ ਬਿਰਹਾ ਲਵਾ ਲਿਆ। ਸਵੇਰ ਤੱਕ ਫੈਸਲਾ ਹੋ ਗਿਆ, ਜੇ ਦਾਖਲਾ ਮਿਲ ਗਿਆ, ਕੁਝ ਹੋ ਜਾਏ, ਹੋਸਟਲ ਨਹੀਂ ਲੈਣਾ। ਬੀ ਏ ਦੀ ਪੜ੍ਹਾਈ ਦੌਰਾਨ ਆਪਣੇ ਕਾਲਜ ਦੇ ਹੋਸਟਲ ਦੀਆਂ ਰੋਕਾਂ ਬਹੁਤ ਮੁਸ਼ਕਿਲ ਨਾਲ ਨਜਿੱਠੀਆਂ ਸਨ। ਵਿਸ਼ੇ ਤੋਂ ਬਾਹਰੀ ਕਿਤਾਬ ਨਾ ਰੱਖਣ ਦੀ ਗੁਲਾਮੀ ਸ਼ਰੇਆਮ 'ਦਿ ਲੈਟਰਜ਼ ਆਫ ਸੈਂਟ ਵੈਨ ਗੌਗ' ਪੜ੍ਹ ਕੇ ਤੋੜੀ।

ਬਿਨਾ ਮਾਂ ਬਾਪ ਦੇ ਆਇਆਂ ਘਰ ਜਾਣ ਦੀ ਪਾਬੰਦੀ, ਮਾਂ ਬਾਪ ਤੋਂ ਹਾਸਲ ਕੀਤੀ ਖੁੱਲ੍ਹ ਵਾਲੀ ਅਰਜ਼ੀ ਨਾਲ ਖਤਮ ਕੀਤੀ। ਮਾਂ ਬਾਪ ਨਾਲ ਸਿਰਫ ਤਿੰਨ ਮਿੰਟ ਗੱਲ ਕਰਨ ਲਈ ਲੰਮੀ ਕਤਾਰ ਵਿੱਚ ਖੜੇ ਰਹਿਣ ਦੀ ਥਾਂ, ਹਰ ਹਫਤੇ ਘਰ ਜਾ ਕੇ ਉਨ੍ਹਾਂ ਦੀਆਂ ਭਾਵਨਾਤਮਕ ਤੇ ਪਰਵਾਰਕ ਜ਼ਰੂਰਤਾਂ ਦਾ ਖਿਆਲ ਰੱਖਣ ਵਿੱਚ ਆਜ਼ਾਦ ਮਹਿਸੂਸ ਕੀਤਾ, ਪਰ ਇਹ ਸਭ ਮੈਂ ਇਸ ਲਈ ਕਰ ਸਕੀ ਕਿ ਮੈਨੂੰ ਭਵਿੱਖ ਦੀ ਆਸ ਦਿਸਦੀ ਸੀ। ਚੰਡੀਗੜ੍ਹ ਵਰਗੇ ਸ਼ਹਿਰ ਵਿੱਚ ਪੰਜਾਬੀ ਯੂਨੀਵਰਸਿਟੀ ਵਰਗੇ ਅਦਾਰੇ ਦੇ ਹੋਸਟਲ ਦੇ ਹਾਲਾਤ ਨੇ ਮੇਰੀ ਇਸ ਆਸ ਉਤੇ ਪਾਣੀ ਫੇਰ ਦਿੱਤਾ ਸੀ।

ਜਦੋਂ ਮੈਂ ਇਹ ਗੱਲ ਆਪਣੇ ਸਹਿ-ਪਾਠੀਆਂ ਨਾਲ ਸਾਂਝੀ ਕੀਤੀ ਕਿ ਹੋਸਟਲ ਦਾ ਨਾਮ ਸੁਣ ਕੇ ਜ਼ਿਹਨੀ ਤੌਰ ਉਤੇ ਮੇਰਾ ਦਮ ਘੁਟਦਾ ਹੈ ਤਾਂ ਦੋਸਤ ਹੱਸਦੇ ਕਿ ਜ਼ਿਹਨ ਦਾ ਦਮ ਕਿਵੇਂ ਘੁੱਟਦਾ ਹੈ! ਕਿਸੇ ਦਾ ਕਹਿਣਾ ਸੀ ਕਿ ਤੂੰ ਫੈਮਨਿਸਟ ਬਣਨਾ। ਇਕ ਬੰਦੇ ਨੇ ਇਹ ਕਹਿ ਦਿੱਤਾ ਕਿ ਤੂੰ ਵਲਾਇਤੀਂ ਵੱਸਣ ਵਾਲਿਆਂ ਵਰਗੀਆਂ ਗੱਲਾਂ ਕਰਦੀ ਹੈ। ਮੈਂ ਉਸ ਵੇਲੇ ਪੀ ਜੀ ਵਿੱਚ ਰਹਿੰਦੀ ਰਹੀ, ਜਿਹੜਾ ਮਹਿੰਗਾ ਸੀ, ਆਉਣ ਜਾਣ ਦਾ ਕਰਫਿਊ ਟਾਈਮ ਓਥੇ ਵੀ ਸੀ, ਪਰ ਸਾਹ ਲੈਣ ਦੀ ਆਜ਼ਾਦੀ ਜ਼ਰੂਰ ਸੀ। ਪਿਛਲੇ ਦਿਨੀਂ ਕੁੜੀਆਂ ਦੇ ਹੋਸਟਲ ਦੇ ਬਾਹਰ 24 ਘੰਟੇ ਆਉਣ ਜਾਣ ਲਈ ਚੱਲੇ ਸੰਘਰਸ਼ ਤੋਂ ਪਤਾ ਲੱਗਾ ਕਿ ਮੇਰੀ ਇਹ ਭਾਵਨਾ ਫੈਮਨਿਸਟ, ਵਲਾਇਤੀ ਜਾਂ ਕੁਲੀਨ ਨਹੀਂ ਸੀ। ਮੇਰੇ ਵਰਗੀਆਂ ਬਹੁਤ ਕੁੜੀਆਂ ਦਾ ਮੁੱਢਲੇ ਹੱਕ ਲੈਣ ਲਈ ਇਕਜੁੱਟ ਹੋ ਕੇ ਲਾਇਆ ਮੋਰਚਾ ਸੀ।

ਗੱਲ ਯੂਨੀਵਰਸਿਟੀ ਤੱਕ ਹੀ ਨਹੀਂ, ਅਗਾਂਹ ਦੀ ਵੀ ਕਰਨੀ ਬਣਦੀ ਹੈ। ਮੈਂ ਸੋਚਿਆ ਸੀ, ਜੇ ਔਰਤ ਆਪਣੇ ਲਈ ਆਰਥਿਕ ਆਜ਼ਾਦੀ ਕਮਾ ਲਏਗੀ ਤਾਂ ਸਮਾਜ ਵਿੱਚ ਨਾਜ਼ੁਕ ਭਾਵਨਾਵਾਂ ਦੀ ਤੇ ਮੂਲ ਮਨੁੱਖੀ ਆਜ਼ਾਦੀ ਮਿਲ ਜਾਏਗੀ। ਇਹ ਭਰਮ ਗੋਆ ਜਾ ਕੇ ਟੁੱਟ ਗਿਆ, ਜਦੋਂ ਮੈਂ ਕਿਰਾਏ ਉਤੇ ਘਰ ਲੱਭ ਰਹੀ ਸੀ। ਇਕ ਪਰਵਾਰ ਨੇ ਬਹੁਤ ਖੂਬਸੂਰਤ ਲੱਕੜ ਦੇ ਫਰਨੀਚਰ ਵਾਲਾ ਘਰ ਮੈਨੂੰ ਦੇਣ ਦਾ ਫੈਸਲਾ ਕੀਤਾ, ਪਰ ਪੇਸ਼ਗੀ ਦੇਣ ਵਾਲੇ ਦਿਨ ਆਦਮੀ ਨੇ ਨਾਂਹ ਕਰ ਦਿੱਤੀ ਕਿ ਉਹਦੀ ਪਤਨੀ ਨੇ ਇਕੱਲੀ ਕੁੜੀ ਨੂੰ ਘਰ ਦੇਣ ਤੋਂ ਨਾਂਹ ਕਰ ਦਿੱਤੀ ਹੈ। ਔਰਤ ਦੇ ਇਸ ਲਿੰਗ ਭੇਦ ਤੇ ਚਰਿਤਰ ਹਨਨ ਨੇ ਅਹਿਸਾਸ ਕਰਾਇਆ ਕਿ ਜਿਸ ਆਜ਼ਾਦੀ ਦੀ ਚਾਹ ਮੈਂ ਰੱਖਦੀ ਹਾਂ, ਉਹ ਹਰ ਔਰਤ ਅੰਦਰ ਹੈ ਨਹੀਂ। ਮੈਂ ਉਸ ਆਦਮੀ ਨੂੰ ਫੋਨ ਸੁਨੇਹਾ ਘੱਲਿਆ ਕਿ ਤੇਰੀ ਆਪਣੀ ਬੱਚੀ ਭਲਕੇ ਕਿਤੇ ਬਾਹਰ ਪੜ੍ਹਨ ਗਈ ਤਾਂ ਉਹਨੂੰ ਵੀ ਇਹ ਜਵਾਬ ਮਿਲੇਗਾ, ਕੀ ਤੁਹਾਡੀ ਪਤਨੀ ਉਹਦੇ ਲਈ ਇਹ ਸਮਾਜ ਸਿਰਜਣ ਨੂੰ ਤਿਆਰ ਹੈ? ਇਸ ਸੁਨੇਹੇ ਤੋਂ ਬਾਅਦ ਉਸ ਆਦਮੀ ਨੇ ਮੈਨੂੰ ਪੰਜ ਘਰ ਲੱਭ ਕੇ ਦਿੱਤੇ ਤੇ ਸਾਫਗੋਈ ਨਾਲ ਸੱਚ ਚਿਤਾਰਦੀ ਗੱਲ ਕਹਿ ਦੇਣ ਲਈ ਧੰਨਵਾਦ ਵੀ ਕੀਤਾ। ਘਰ ਮਿਲਣ ਤੋਂ ਬਾਅਦ ਇਕ ਦੋਸਤ ਦਾ ਮਿਲਣ ਲਈ ਫੋਨ ਆਇਆ ਤਾਂ ਉਹ ਹੈਰਾਨ ਸੀ ਕਿ ਮੇਰੇ ਘਰ ਮੁੰਡਿਆਂ ਦੇ ਆਉਣ ਉਤੇ ਕੋਈ ਪਾਬੰਦੀ ਨਹੀਂ ਹੈ। ਉਸ ਆਜ਼ਾਦ ਮਾਹੌਲ ਵਿੱਚ ਮੈਂ ਆਪਣੇ ਲਈ ਖੁੱਲ੍ਹ ਕੇ ਜ਼ਿੰਮੇਦਾਰ ਮਹਿਸੂਸ ਕੀਤਾ।

ਪੰਜਾਬ ਯੂਨੀਵਰਸਿਟੀ ਵਿੱਚ ਕੁੜੀਆਂ ਦੇ ਵਿਦਰੋਹ ਸਦਕਾ ਮਿਲੀ ਜਿੱਤ ਨੇ ਮੇਰੀਆਂ ਇਨ੍ਹਾਂ ਸਭ ਭਾਵਨਾਵਾਂ ਦੇ ਵਾਜਿਬ ਹੋਣ ਦਾ ਸਕੂਨ ਦਿੱਤਾ ਹੈ। ਅੱਧੀ ਰਾਤ ਘਰੋਂ ਬਾਹਰ ਨਿਕਲ ਕੇ ਸਮਾਜਿਕ ਰੀਤੀ ਰਿਵਾਜਾਂ ਨੂੰ ਢਾਹ ਲਾਉਣਾ ਔਰਤ ਦੀ ਆਜ਼ਾਦੀ ਦੀ ਪਰਿਭਾਸ਼ਾ ਨਹੀਂ। ਮੇਰੇ ਪਰਵਾਰਕ ਮਾਹੌਲ ਨੇ ਮੈਨੂੰ ਆਪਣੇ ਫੈਸਲੇ ਆਪ ਕਰਨ ਦੀ ਤਾਕਤ ਦਿੱਤੀ ਹੈ। ਸਮਾਜ ਅਸੁਰੱਖਿਅਤ ਮਾਹੌਲ ਦਿੰਦਾ ਹੈ ਤਾਂ ਉਸ ਲਈ ਮੇਰੀ ਜ਼ਿੰਮੇਦਾਰੀ ਉਸ ਸਹਿਮ ਭਰੇ ਮਾਹੌਲ ਨੂੰ ਬਦਲਣਾ ਹੈ, ਉਸ ਨੂੰ ਮਨਜ਼ੂਰ ਕਰਨਾ ਨਹੀਂ। ਔਰਤਾਂ ਨੂੰ ਹੋਸਟਲ ਅਤੇ ਘਰਾਂ ਵਿੱਚ ਬੰਦ ਕਰਕੇ ਸਮਾਜ ਆਪ ਗੁਲਾਮ ਹੈ। ਸਮਾਜਿਕ ਰਿਸ਼ਤੇ ਆਪਣੀ ਮਨ ਦੀ ਚਾਹਤ ਨਾਲ ਨਿਭਾਉਣ ਦੀ ਆਜ਼ਾਦੀ ਆਦਮੀ ਨੂੰ ਵੀ ਨਹੀਂ ਹੈ। ਅੱਜ ਔਰਤਾਂ ਆਜ਼ਾਦ ਹਨ, ਆਦਮੀ ਨੂੰ ਇਸ ਪਹਿਰੇਦਾਰੀ ਤੋਂ ਆਜ਼ਾਦ ਹੋ ਕੇ ਮਨੁੱਖੀ ਮੋਹ ਦਾ ਅਹਿਸਾਸ ਮਿਲੇਗਾ। ਅਜੇ ਸਮਾਜ ਆਪਣੀ ਹੀ ਆਜ਼ਾਦੀ ਤੋਂ ਡਰਦਾ ਹੈ, ਉਸ ਨੂੰ ਖੁੱਲ੍ਹੀ ਹਵਾ ਵਿੱਚ ਸਾਹ ਲੈਣ ਦੀ ਪਰਿਭਾਸ਼ਾ ਅਸੀਂ ਦੱਸਦੇ ਰਹਾਂਗੇ।

Dr. Randhawa Dentistry
Your own dentist who really cares for you



We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist


New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




NEED A LAWYER ??
KAUR LAW OFFICE
Red Seal NOTARY



MANJEET KAUR
L.L.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਬਾਦਲਾਂ ਲਈ ਗੱਲਾਂ-ਗੱਲਾਂ ਵਿੱਚ ਐਚ ਐਸ ਫੂਲਕਾ ਨੇ 'ਬਾਂਦਰ' ਦਾ ਲਫਜ਼ ਵਰਤਿਆ

ਚੰਡੀਗੜ੍ਹ, 20 ਜਨਵਰੀ, (ਪੋਸਟ ਬਿਊਰੋ)- ਸਿੱਖ ਪੰਥ ਦੀ ਸਭ ਵੱਡੀ ਚੁਣੀ ਹੋਈ ਸੰਸਥਾ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦਾ ਸਿਆਸੀਕਰਨ ਖ਼ਤਮ ਕਰਨ ਦੀ ਮੁਹਿਮ ਚਲਾਉਣ ਵਾਲੇ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਨੇ ਅੱਜ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸਿਆਸਤ ਤੋਂ ਮੁਕਤ ਕਰਨ ਲਈ ਜੇ ਅੱਜ ਅਸੀਂ ਇਨ੍ਹਾਂ ਬਾਂਦਰਾਂ ਨੂੰ ਕੱਢ ਦਿਤਾ ਤਾਂ ਕੋਈ ਹੋਰ ਸਿਆਸੀ ਬੰਦਾ ਆ ਜਾਵੇਗਾ ਤੇ ਅਪਣੀਆਂ ਵੋਟਾਂ ਲੈਣ ਲਈ ਫਿਰ ਕਿਸੇ ਸਾਧ ਦੇ ਪੈਰਾਂ ਵਿਚ ਬੈਠਾ ਦਿਖਾਈ ਦੇਵੇਗਾ। ਇਸ ਲਈ ਸਾਨੂੰ ਸਾਰਿਆਂ ਨੂੰ ਇਸ ਦੀ ਰੋਕਥਾਮ ਲਈ ਠੋਸ ਕਦਮ ਉਠਾਉਣੇ ਪੈਣਗੇ।



ਇਸ ਮੌਕੇ ਬੋਲਦੇ ਹੋਏ ਫੂਲਕਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਚੋਣ ਲੜਨ ਵਾਲਿਆਂ ਲਈ ਕੁਝ ਨਾ ਕੁਝ ਸ਼ਰਤਾਂ ਤੈਅ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਇਸ ਦਾ ਸਿਆਸੀਕਰਨ ਹੋਣ ਦਾ ਸਿਲਸਿਲਾ ਹੀ ਖਤਮ ਕਰ ਦਿੱਤਾ ਜਾਵੇ। ਉਨ੍ਹਾਂ ਨੇ ਅਕਾਲੀ ਫੂਲਾ ਸਿੰਘ ਦੀ ਮਿਸਾਲ ਵੀ ਦਿਤੀ, ਜਿਹੜੇ ਸਿਆਸੀ ਨਹੀਂ ਸਨ।

ਵਰਨਣ ਯੋਗ ਹੈ ਕਿ ਐਚ ਐਸ ਫੂਲਕਾ ਨੇ ਅੱਜ ਕੱਲ੍ਹ ਸ਼੍ਰੋਮਣੀ ਕਮੇਟੀ ਵਿਚਲਾ ਸਿਆਸੀਕਰਨ ਖ਼ਤਮ ਕਰਨ ਵਾਸਤੇ ਇੱਕ 'ਸਿੱਖ ਸੇਵਕ ਸੰਗਠਨ' ਬਣਾਉਣ ਦਾ ਐਲਾਨ ਕੀਤਾ ਹੋਇਆ ਹੈ, ਜਿਸ ਲਈ ਉਹ ਸਿੱਖਾਂ ਦੀ ਭਰਤੀ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਉੱਤੇ ਲੰਬੇ ਸਮੇਂ ਤੋਂ ਬਾਦਲ ਅਕਾਲੀ ਦਲ ਦੇ ਬਹਾਨੇ ਬਾਦਲ ਪਰਵਾਰ ਦਾ ਕਬਜ਼ਾ ਹੈ। ਇਸ ਦੌਰਾਨ ਇਸ ਕਮੇਟੀ ਵਲੋਂ ਬਹੁਤ ਸਾਰੇ ਅਜਿਹੇ ਫ਼ੈਸਲੇ ਲਏ ਗਏ ਹਨ, ਜਿਨ੍ਹਾਂ ਨਾਲ ਸਿੱਖ ਕੌਮ ਨੂੰ ਸ਼ਰਮਸਾਰ ਹੋਣਾ ਪੈਂਦਾ ਰਿਹਾ ਹੈ।

# ਭਾਰਤੀ ਫੌਜ ਦੀ ਭਰਤੀ ਵਿੱਚ ਘਪਲੇ ਦਾ ਪਰਦਾ ਫਾਸ਼

ਰੂਪਨਗਰ, 20 ਜਨਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੀ ਪੁਲਸ ਨੇ ਭਾਰਤੀ ਫੌਜ ਦੀ ਭਾਰਤੀ ਵਿੱਚ ਵੱਡੇ ਘਪਲੇ ਦਾ ਪਰਦਾ ਫਾਸ਼ ਕੀਤਾ ਹੈ, ਜਿਸ ਦੌਰਾਨ ਦੋ ਦਰਜਨ ਤੋਂ ਵੱਧ ਲੋਕਾਂ ਨੂੰ ਜਾਅਲੀ ਦਸਤਾਵੇਜ਼ ਨਾਲ ਭਰਤੀ ਕਰਵਾਇਆ ਗਿਆ ਹੈ। ਪੁਲਸ ਨੇ ਇਸ ਸਾਜ਼ਿਸ਼ ਦੇ ਸਰਗਣੇ ਸਮੇਤ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਕੋਲੋਂ 48 ਜਣਿਆਂ ਦੇ ਨਕਲੀ ਦਸਤਾਵੇਜ਼, ਡਿਪਟੀ ਕਮਿਸ਼ਨਰ, ਐੱਸ ਐੱਸ ਪੀ, ਤਸੀਲਦਾਰ, ਮਿਊਂਸਪਲ ਕੌਂਸਲਰ ਸਮੇਤ ਵੱਖ-ਵੱਖ ਅਫਸਰਾਂ ਦੀਆਂ ਜਾਅਲੀ ਮੋਹਰਾਂ ਕਰੀਬ ਅੱਠ ਲੱਖ ਰੁਪਏ ਅਤੇ ਇੱਕ ਕਾਰ ਬਰਾਮਦ ਕੀਤੀ ਹੈ।

ਇਸ ਸੰਬੰਧ ਵਿੱਚ ਜ਼ਿਲ੍ਹਾ ਪੁਲਸ ਦੇ ਮੁਖੀ ਸਵੱਪਨ ਸ਼ਰਮਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਕੰਮ ਸਾਲ 2014 ਤੋਂ ਚੱਲ ਰਿਹਾ ਹੈ ਅਤੇ ਇਸ ਗਿਰੋਹ ਦਾ ਸਰਗਣਾ ਯੋਗੇਸ਼ ਵਾਸੀ ਸਲੇਮ ਟਾਬਰੀ ਲੁਧਿਆਣਾ ਹੈ, ਜਿਸ ਦਾ ਬਾਪ ਸਾਬਕਾ ਫੌਜੀ ਹੈ। ਇਹ ਪਹਿਲਾਂ ਫੌਜੀਆਂ ਦੇ ਸੰਪਰਕ ਵਿੱਚ ਆ ਕੇ ਉਨ੍ਹਾਂ ਦੇ ਛੋਟੇ-ਮੋਟੇ ਕੰਮ ਡਰਾਈਵਿੰਗ ਲਾਇਸੈਂਸ ਬਣਾਉਣਾ, ਰਾਸ਼ਨ ਕਾਰਡ ਕਰਾਉਂਦਾ ਸੀ। ਫਿਰ ਇਸ ਦਾ ਸੰਪਰਕ ਭਰਤੀ ਕਰਨ ਵਾਲੇ ਅਫਸਰਾਂ ਤੇ ਕਲਰਕਾਂ ਨਾਲ ਹੋਇਆ। ਯੋਗੇਸ਼ ਹਰਿਆਣਾ ਦੇ ਲੋਕਾਂ ਨੂੰ ਪੰਜਾਬ ਵਿੱਚ ਭਰਤੀ ਕਰਾਉਂਦਾ ਸੀ। ਇਸ ਦਾ ਸੰਬੰਧ ਜੀਂਦ ਸ਼ਹਿਰ 'ਚ ਫੌਜੀ ਭਰਤੀ ਟਰੇਨਿੰਗ ਦੀ ਇੱਕ ਅਕੈਡਮੀ ਚਲਾਉਣ ਵਾਲੇ ਮਨਜੀਤ ਅਤੇ ਸੁਨੀਲ ਨਾਲ ਸੀ। ਉਨ੍ਹਾਂ ਕਰੀਬ 150 ਲੋਕਾਂ ਨੂੰ ਭਰਤੀ ਲਈ ਇਸ ਦੇ ਕੋਲ ਭੇਜਿਆ ਅਤੇ ਇਹ ਫੌਜੀ ਭਰਤੀ ਕੇਂਦਰ ਲੁਧਿਆਣਾ ਦੇ ਕੁਝ ਕਰਮਚਾਰੀਆਂ ਨਾਲ ਮਿਲੀਭੁਗਤ ਕਰ ਰਿਹਾ ਸੀ। ਉਨ੍ਹਾਂ ਨੇ ਰੂਪਨਗਰ ਅੱਧ ਨੀਮ ਪਹਾੜੀ ਖੇਤਰ ਚੁਣਿਆ, ਜਿੱਥੇ ਨੌਜਵਾਨਾਂ ਨੂੰ ਫੌਜੀ ਭਰਤੀ ਲਈ ਪੰਜ ਸੈਂਟੀਮੀਟਰ ਤੱਕ ਲੰਬਾਈ 'ਚ ਛੋਟ ਮਿਲਦੀ ਹੈ। ਇਹ ਗਿਰੋਹ ਭਰਤੀ ਹੋਣ ਵਾਲੇ ਉਮੀਦਵਾਰਾਂ ਲਈ ਰੂਪਨਗਰ ਖੇਤਰ ਤੋਂ ਜਾਅਲੀ ਨਿਵਾਸ ਪੱਤਰ



ਅਤੇ ਜਾਅਲੀ ਸਰਟੀਫਿਕੇਟ ਤਿਆਰ ਕਰਦਾ ਤੇ ਫਿਰ ਉਨ੍ਹਾਂ ਨੂੰ ਕਲਰਕਾਂ ਦੀ ਮਿਲੀਭੁਗਤ ਨਾਲ ਭਰਤੀ ਕਰਵਾ ਦਿੰਦਾ ਸੀ, ਜਿਸ ਦੇ ਲਈ ਇਹ ਤਿੰਨ ਤੋਂ ਪੰਜ ਲੱਖ ਰੁਪਏ ਪ੍ਰਤੀ ਉਮੀਦਵਾਰ ਲੈਂਦਾ ਸੀ।

ਪਤਾ ਲੱਗਾ ਹੈ ਕਿ ਜਦੋਂ ਯੋਗੇਸ਼ ਕੁਝ ਉਮੀਦਵਾਰਾਂ ਦੀ ਪੁਲਸ ਵੈਰੀਫਿਕੇਸ਼ਨ ਵਾਸਤੇ ਰੂਪਨਗਰ ਦੇ ਸਾਂਝ ਕੇਂਦਰ ਸਿਟੀ ਥਾਣੇ ਆਇਆ ਤਾਂ ਉਥੇ ਬੈਠੇ ਅਧਿਕਾਰੀਆਂ ਨੂੰ ਇਸ ਦੀ ਬੋਲਚਾਲ ਤੋਂ ਸ਼ੱਕ ਹੋਇਆ ਕਿਉਂਕਿ ਇਹ ਹਰਿਆਣਵੀ ਬੋਲਦਾ ਸੀ ਅਤੇ ਰੂਪਨਗਰ ਇਲਾਕੇ ਦੇ ਨਾਂਅ ਵੀ ਸਹੀ ਨਹੀਂ ਦੱਸਦਾ ਸੀ। ਸਾਂਝ ਕੇਂਦਰ ਦੇ ਅਧਿਕਾਰੀਆਂ ਨੇ ਜਾਂਚ ਕੀਤੀ ਤਾਂ ਉਮੀਦਵਾਰਾਂ ਦੇ ਪਤੇ ਗਲਤ ਅਤੇ ਜਾਅਲੀ ਨਿਕਲੇ। ਫਿਰ ਸਾਂਝ ਕੇਂਦਰ ਦੇ ਅਧਿਕਾਰੀਆਂ ਨੇ ਐੱਸ ਐੱਚ ਓ ਸਿਟੀ ਤੇ ਪੁਲਸ ਅਧਿਕਾਰੀਆਂ ਨੂੰ ਦੱਸਿਆ ਤਾਂ ਘੋਟਾਲੇ ਦਾ ਪਰਦਾ ਫਾਸ਼ ਹੋ ਗਿਆ। ਐੱਸ ਐੱਸ ਪੀ ਨੇ ਦੱਸਿਆ ਕਿ ਫਿਰੋਜ਼ਪੁਰ ਦੇ ਮਨੋਜ ਅਤੇ ਫਾਜ਼ਿਲਕਾ, ਮੋਗਾ, ਫਰੀਦਕੋਟ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਨੌਜਵਾਨ ਭਰਤੀ ਲਈ ਯੋਗੇਸ਼ ਦੇ ਕੋਲ ਭੇਜੇ ਜਾਂਦੇ ਸਨ। ਇਸ ਗਿਰੋਹ ਤੋਂ ਪੁੱਛਗਿੱਛ ਦੇ ਬਾਅਦ ਲੁਧਿਆਣਾ, ਗਵਾਲੀਅਰ, ਫਿਰੋਜ਼ਪੁਰ ਅਤੇ ਭੁਵਨੇਸ਼ਵਰ ਵਿੱਚ ਫੌਜੀ ਐੱਨ ਸੀ ਓ ਦੇ ਨਾਂਅ ਪਤਾ ਲੱਗੇ ਹਨ, ਜੋ ਫੌਜ ਵਿੱਚ ਸ਼ਾਮਲ ਹੋਣ ਲਈ ਉਮੀਦਵਾਰਾਂ ਵਿੱਚ ਕੜੀ ਦਾ ਕੰਮ ਕਰਦੇ ਸਨ।

# ਗਰੈਜੂਏਸ਼ਨ ਬਿਨਾਂ ਪੀ ਸੀ ਐੱਸ ਅਫਸਰ ਰਮਨ ਕੋਛੜ ਨੂੰ ਰਿਵਰਟ ਕੀਤਾ ਜਾਣ ਲੱਗਾ

ਚੰਡੀਗੜ੍ਹ, 20 ਜਨਵਰੀ (ਪੋਸਟ ਬਿਊਰੋ)- ਬੀ ਏ ਪਾਸ ਕੀਤੇ ਬਿਨਾਂ ਪੰਜਾਬ ਦੇ ਪੀ ਸੀ ਐੱਸ ਅਧਿਕਾਰੀ ਰਮਨ ਕੁਮਾਰ ਕੋਛੜ, ਜਿਹੜੇ ਇਸ ਸਮੇਂ ਗੁਰਦਾਸਪੁਰ ਵਿਚ ਅਸਿਸਟੈਂਟ ਕਮਿਸ਼ਨਰ ਲੱਗੇ ਹੋਏ ਹਨ, ਲਈ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਉਸ ਦੇ ਖਿਲਾਫ ਪ੍ਰਸੋਨਲ ਵਿਭਾਗ ਨੇ ਮੁੱਖ ਮੰਤਰੀ ਨੂੰ ਕਾਰਵਾਈ ਕਰਨ ਲਈ ਲਿਖ ਦਿੱਤਾ ਹੈ।

ਜਾਣਕਾਰ ਸੂਤਰਾਂ ਮੁਤਾਬਕ ਕੋਛੜ ਪ੍ਰਸੋਨਲ ਵਿਭਾਗ ਨੂੰ ਨਾ ਬੀ ਏ ਦੀ ਡਿਗਰੀ ਦੇ ਸਕਿਆ ਤੇ ਨਾ ਕ੍ਰੈਡਿਟ ਸਕੋਰ ਦਾ ਸਬੂਤ ਦੇ ਸਕਿਆ ਹੈ, ਜਿਸ ਤੋਂ ਸਾਫ ਹੈ ਕਿ ਉਸ ਦੀ ਨਿਯੁਕਤੀ ਗਲਤ ਹੋਈ ਹੈ। ਇਸ ਲਈ ਉਸ 'ਤੇ ਕਾਰਵਾਈ ਹੋ ਸਕਦੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਉਸ ਦੀ ਨਿਯੁਕਤੀ ਦਾ ਰਿਵਿਊ ਕਰਨ ਦੇ ਹੁਕਮ ਦੇ ਚੁੱਕੇ ਹਨ। ਵਿਭਾਗ ਨੇ ਕੋਛੜ ਕੇਸ ਵਿੱਚ ਮੁੱਖ ਮੰਤਰੀ ਨੂੰ ਫਾਈਲ ਭੇਜ ਕੇ ਸਪੱਸ਼ਟ ਕੀਤਾ ਹੈ ਕਿ ਕੋਛੜ ਨਾ ਬੀ ਏ ਦੀ ਡਿਗਰੀ ਦਿਖਾ ਸਕਿਆ ਹੈ ਅਤੇ ਨਾ ਸਕੋਰ ਕ੍ਰੈਡਿਟ ਦਾ ਸਬੂਤ ਦੇ ਸਕਿਆ ਹੈ। ਰਮਨ ਕੋਛੜ ਨੂੰ ਚੀਫ ਸੈਕਟਰੀ ਕਰਣ ਅਵਤਾਰ ਸਿੰਘ ਨੇ ਨੋਟਿਸਜਾਰੀ ਕਰ ਕੇ ਜਵਾਬ ਮੰਗਿਆ ਅਤੇ ਕਿਹਾ ਸੀ ਕਿ ਤੁਸੀਂ ਕਿਸ ਯੂਨੀਵਰਸਿਟੀ ਤੋਂ ਬੀ ਏ ਦੀ ਡਿਗਰੀ ਹਾਸਲ ਕੀਤੀ ਹੈ ਤੇ ਤੁਸੀਂ ਜੋ ਮਾਸਟਰ ਡਿਗਰੀ ਕੀਤੀ ਹੈ, ਉਹ ਗ੍ਰੈਜੂਏਟ ਡਿਗਰੀ ਦੀ ਲੋੜ ਨੂੰ ਪੂਰਾ ਨਹੀਂ ਕਰਦੀ। ਜਦ ਤੁਹਾਡੀ ਨਿਯੁਕਤੀ ਬਾਰੇ ਵਿਚਾਰ ਕੀਤਾ ਗਿਆ ਤਾਂ ਪਤਾ ਲੱਗਾ ਕਿ ਪੀ ਸੀ ਐੱਸ (ਈ ਬੀ) ਰੂਲਜ਼ ਦੇ ਤਹਿਤ ਤੁਸੀਂ ਤੈਅ ਬੀ ਏ ਦੀ ਯੋਗਤਾ ਪੂਰੀ ਨਹੀਂ ਕਰਦੇ, ਇਸ ਲਈ 10 ਦਿਨ ਦੇ ਅੰਦਰ ਆਪਣਾ ਜਵਾਬ ਭੇਜਿਆ ਜਾਏ।

ਚੀਫ ਸੈਕਟਰੀ ਵੱਲੋਂ ਜਵਾਬ ਮੰਗੇ ਜਾਣ ਦੇ ਬਾਅਦ ਰਮਨ ਕੁਮਾਰ ਕੋਛੜ ਇਸ ਨੋਟਿਸ ਦੇ ਖਿਲਾਫ ਹਾਈ ਕੋਰਟ ਚਲਾ ਗਿਆ, ਪਰ ਹਾਈ ਕੋਰਟ ਨੇ ਉਸ ਦੀ ਅਪੀਲ ਰੱਦ ਕਰ ਦਿੱਤੀ, ਜਿਸ ਪਿੱਛੋਂ ਕੋਛੜ ਨੇ ਆਪਣਾ ਜਵਾਬ ਪ੍ਰਸੋਨਲ ਵਿਭਾਗ ਨੂੰ ਭੇਜ ਦਿੱਤਾ। ਪਤਾ ਲੱਗਾ ਹੈ ਕਿ ਵਿਭਾਗ ਉਸ ਦੇ ਜਵਾਬ ਤੋਂ ਸੰਤੁਸ਼ਟ ਨਹੀਂ, ਕਿਉਂਕਿ ਉਹ ਬੀ ਏ ਦੀ ਡਿਗਰੀ ਦਾ ਸਬੂਤ ਨਹੀਂ ਦਿਖਾ ਸਕਿਆ, ਨਾ ਕ੍ਰੈਡਿਟ ਸਕੋਰ ਦਾ ਸਬੂਤ ਦੇ ਸਕਿਆ।

# ਪ੍ਰੇਮੀ ਨਾਲ ਵਿਆਹ ਕਰ ਕੇ ਸੁਰੱਖਿਆ ਮੰਗਣ ਕੋਰਟ ਗਈ ਲੜਕੀ ਨਾਬਾਲਗ ਨਿਕਲੀ

ਕੋਟਕਪੂਰਾ, 20 ਜਨਵਰੀ (ਪੋਸਟ ਬਿਊਰੋ)- ਆਪਣੇ ਪਰਵਾਰ ਦੀ ਮਰਜ਼ੀ ਬਿਨਾਂ ਵਿਆਹ ਕਰਨ ਵਾਲੀ ਲੜਕੀ ਨਾਲਾਬਗ ਨਿਕਲਣ 'ਤੇ ਪੁਲਸ ਨੇ ਹਾਈ ਕੋਰਟ ਦੇ ਹੁਕਮ 'ਤੇ ਉਸ ਦੇ ਪਤੀ, ਵਿਆਹ ਕਰਾਉਣ ਵਾਲੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਅਤੇ ਗਵਾਹ ਨੂੰ ਗ੍ਰਿਫਤਾਰ ਕਰ ਲਿਆ ਹੈ। ਲੜਕੀ ਪਰਵਾਰ ਦੇ ਡਰ ਕਾਰਨ ਹਾਈ ਕੋਰਟ ਵਿੱਚ ਸੁਰੱਖਿਆ ਦੀ ਮੰਗ ਲਈ ਪਹੁੰਚੀ ਸੀ। ਪਰਵਾਰ ਵੱਲੋਂ ਪੇਸ਼ ਕੀਤੇ ਗਏ ਮੈਟ੍ਰਿਕ ਦੇ ਸਰਟੀਫਿਕੇਟ ਵਿੱਚ ਉਸ ਦੀ ਉਮਰ ਘੱਟ ਨਿਕਲੀ ਹੈ। ਇਸ 'ਤੇ ਹਾਈ ਕੋਰਟ ਨੇ ਕਾਰਵਾਈ ਦੇ ਹੁਕਮ ਦਿੱਤੇ ਸਨ।

*** ਪਤੀ, ਗਰੰਥੀ ਅਤੇ ਗਵਾਹ ਗ੍ਰਿਫਤਾਰ**

ਪਤਾ ਲੱਗਾ ਹੈ ਕਿ ਫਿਰੋਜ਼ਪੁਰ ਦੇ ਕਸਬਾ ਗੁਰੂ ਹਰਸਹਾਇ ਦੀ ਲੜਕੀ ਨੇ ਆਪਣੇ ਪਰਵਾਰ ਦੀ ਮਰਜ਼ੀ ਦੇ ਬਿਨਾਂ ਪਿੰਡ ਬਰਗਾੜੀ ਦੇ ਆਕਾਸ਼ਦੀਪ ਸਿੰਘ ਨਾਲ 29 ਦਸੰਬਰ ਨੂੰ ਫਰੀਦਕੋਟ ਦੇ ਵਿਸ਼ਵਕਰਮਾ ਗੁਰਦੁਆਰਾ ਵਿੱਚ ਵਿਆਹ ਕੀਤਾ ਸੀ। ਇਸ ਦੇ ਬਾਅਦ ਜੋੜੇ ਨੇ ਹਾਈ ਕੋਰਟ ਵਿੱਚ ਅਰਜ਼ੀ ਦੇ ਕੇ ਪਰਵਾਰ ਤੋਂ ਜਾਨ ਦਾ ਖਤਰਾ ਦੱਸ ਕੇ ਸੁਰੱਖਿਆ ਦੀ ਮੰਗ ਕੀਤੀ ਸੀ। ਹਾਈ ਕੋਰਟ ਵਿੱਚ ਸੁਣਵਾਈ ਦੌਰਾਨ ਲੜਕੀ ਦੇ ਪਰਵਾਰ ਨੇ ਉਸ ਦੀ ਜਨਮ ਤਰੀਕ ਦੇ ਸਬੂਤ ਵਜੋਂ ਉਸ ਦਾ ਮੈਟ੍ਰਿਕ ਦਾ ਸਰਟੀਫਿਕੇਟ ਪੇਸ਼ ਕੀਤਾ, ਜਿਸ ਅਨੁਸਾਰ ਲੜਕੀ ਦੀ ਜਨਮ ਤਰੀਕ 13 ਜਨਵਰੀ 2001 ਨਿਕਲੀ ਤੇ ਵਿਆਹ ਦੇ ਸਮੇਂ ਲੜਕੀ ਦੀ ਉਮਰ ਕਾਨੂੰਨ ਅਨੁਸਾਰ ਪੂਰੀ ਨਹੀਂ ਸੀ। ਇਸੇ ਆਧਾਰ 'ਤੇ ਇਸ ਲੜਕੀ ਨਾਲ ਵਿਆਹ ਕਰਨ ਅਤੇ ਇਸ ਵਿਆਹ ਦੇ ਸਾਰੇ ਸਹਿਯੋਗੀ ਵਿਅਕਤੀਆਂ 'ਤੇ ਮਾਮਲਾ ਦਰਜ ਕਰਨ ਲਈ ਹਾਈ ਕੋਰਟ ਨੇ ਪੁਲਸ ਨੂੰ ਹੁਕਮ ਦਿੱਤੇ ਹਨ। ਇਸ ਪਿੱਛੋਂ ਥਾਣਾ ਬਾਜਾਖਾਨਾ ਪੁਲਸ ਨੇ ਲੜਕੀ ਦੇ ਪਤੀ ਪਿੰਡ ਬਰਗਾੜੀ ਦੇ ਆਕਾਸ਼ਦੀਪ ਸਿੰਘ 'ਤੇ ਕੇਸ ਦਰਜ ਕੀਤਾ ਅਤੇ ਵਿਆਹ ਕਰਾਉਣ ਅਤੇ ਇਸ ਦਾ ਸਰਟੀਫਿਕੇਟ ਦੇਣ ਵਾਲੇ ਫਰੀਦਕੋਟ ਦੇ ਗੁਰਦੁਆਰਾ ਬਾਬਾ ਵਿਸ਼ਵਕਰਮਾ ਦੇ ਗ੍ਰੰਥੀ ਅਮਰਜੀਤ ਸਿੰਘ ਤੇ ਗਵਾਹ ਬਰਗਾੜੀ ਦੇ ਨਿਰਮਲ ਸਿੰਘ ਨੂੰ ਵੀ ਨਾਮਜ਼ਦ ਕੀਤਾ ਹੈ ਅਤੇ ਤਿੰਨਾਂ ਨੂੰ ਗ੍ਰਿਫਤਾਰ ਕਰ ਕੇ ਫਰੀਦਕੋਟ ਦੇ ਮੈਜਿਸਟਰੇਟ ਚੇਤਨ ਸ਼ਰਮਾ ਦੀ ਕੋਰਟ ਵਿੱਚ ਪੇਸ਼ ਕੀਤਾ ਜਿੱਥੋਂ ਤਿੰਨਾਂ ਨੂੰ 14 ਦਿਨ ਦੀ ਨਿਆਇਕ ਹਿਰਾਸਤ ਵਿੱਚ ਜੇਲ ਭੇਜ ਦਿੱਤਾ ਗਿਆ ਹੈ।

# ਕੇਂਦਰੀ ਮੰਤਰੀ ਵਿਜੇ ਸਾਂਪਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਫੋਟੋ ਵਾਲੇ ਮੱਗ ਵਿੱਚ ਚਾਹ ਪੀ ਕੇ ਫਸੇ


ਹੁਸ਼ਿਆਰਪੁਰ, 20 ਜਨਵਰੀ (ਪੋਸਟ ਬਿਊਰੋ)- ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਦਾ ਪਾਲਕੀ ਸਾਹਿਬ ਦੀ ਫੋਟੋ ਵਾਲੇ ਮੱਗ 'ਚ ਚਾਹ ਪੀਣ ਦਾ ਵੀਡੀਓ ਕਲਿੱਪ ਜਾਰੀ ਹੋਣ ਨਾਲ ਪੂਰੇ ਪੰਜਾਬ 'ਚ ਭੜਥੂ ਪੈ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਹੁਸ਼ਿਆਰਪੁਰ ਵਿੱਚ ਆਪਣੇ ਘਰ ਜਦੋਂ ਵਿਜੇ ਸਾਂਪਲਾ ਆਮ ਲੋਕਾਂ ਨਾਲ ਮਿਲਦੇ ਪਏ ਸਨ ਤਾਂ ਉਦੋਂ ਉਹ ਜਿਸ ਮੱਗ ਵਿੱਚ ਚਾਹ ਪੀ ਰਹੇ ਸਨ, ਉਸ ਦੇ ਇਕ ਪਾਸੇ ਪਾਲਕੀ ਅਤੇ ਦੂਜੇ ਪਾਸੇ ਦੁਬਈ ਦੇ ਇਕ ਗੁਰਦੁਆਰਾ ਸਾਹਿਬ ਦੀ ਤਸਵੀਰ ਛਪੀ ਹੋਈ ਹੈ। ਇਸ ਘਟਨਾ ਦਾ ਵੀਡੀਓ ਵਾਇਰਲ ਹੁੰਦੇ ਸਾਰ ਮਾਮਲਾ ਪੰਜਾਬ ਭਰ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਅਤੇ ਇਸ ਨਾਲ ਸਿੱਖ ਭਾਈਚਾਰੇ 'ਚ ਰੋਸ ਪਾਇਆ ਗਿਆ ਹੈ।

# ਸੱਚਾ ਸੌਦਾ ਦੇ ਮੁਖੀ ਦਾ ਬਚਾਅ ਚਾਹੁੰਦੀ ਸੀ ਹਰਿਆਣੇ ਦੀ ਪੁਲਸ

ਮੋਗਾ, 20 ਜਨਵਰੀ (ਪੋਸਟ ਬਿਊਰੋ)- ਪੱਤਰਕਾਰ ਰਾਮ ਚੰਦਰ ਛਤਰਪਤੀ ਕਤਲ ਕੇਸ ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਵਿਰੁੱਧ ਹਰਿਆਣਾ ਪੁਲਸ ਕਾਰਵਾਈ ਨਹੀਂ ਕਰਨਾ ਚਾਹੁੰਦੀ ਸੀ। ਪੁਲਸ ਨੇ ਸੀ ਬੀ ਆਈ ਨੂੰ ਕੇਸ ਤਬਦੀਲ ਹੋਣ ਤੋਂ ਪਹਿਲਾਂ 10 ਦਸੰਬਰ 2002 ਨੂੰ ਡੇਰਾ ਮੁਖੀ ਨੂੰ ਛੱਡ ਕੇ ਬਾਕੀ ਤਿੰਨਾਂ ਮੁਲਾਜ਼ਮਾਂ ਖਿਲਾਫ ਅਦਾਲਤ 'ਚ ਦੋਸ਼ ਪੱਤਰ ਦਾਇਰ ਕਰ ਕੇ ਜ਼ਿਮੇਵਰੀ ਨੂੰ ਇੱਕ ਤਰ੍ਹਾਂ ਟਾਲ ਦਿੱਤਾ ਸੀ।

ਸੀ ਬੀ ਆਈ ਦੇ ਵਿਸ਼ੇਸ਼ ਜੱਜ ਜਗਦੀਪ ਸਿੰਘ ਨੇ ਇਸ ਫੈਸਲੇ ਦੀ 178 ਪੰਨਿਆਂ ਦੀ ਜੱਜਮੈਂਟ ਲਿਖੀ ਵਿੱਚ ਕਈ ਖਾਸ ਵੇਰਵੇ ਦਰਜ ਕੀਤੇ ਹਨ। ਇਸ ਕੇਸ ਦੀ ਸੁਣਵਾਈ ਦੌਰਾਨ ਵੱਖ ਵੱਖ ਅਖਬਾਰਾਂ ਦੇ ਪੱਤਰਕਾਰਾਂ ਸਣੇ 46 ਸਰਕਾਰੀ ਗਵਾਹ ਅਤੇ ਬਚਾਅ ਪੱਖ ਵੱਲੋਂ 21 ਗਵਾਹ ਅਦਾਲਤ ਵਿੱਚ ਭੁਗਤੇ ਸਨ। ਹਰਿਆਣਾ ਪੁਲਸ ਨੇ ਜਾਂਚ ਪੂਰੀ ਕਰ ਕੇ ਪੰਜ ਦਸੰਬਰ 2002 ਨੂੰ ਕੁਲਦੀਪ ਸਿੰਘ, ਨਿਰਮਲ ਸਿੰਘ ਤੇ ਕ੍ਰਿਸ਼ਨ ਲਾਲ ਦੇ ਖਿਲਾਫ ਚਾਰਜਸ਼ੀਟ ਬਣਾਈ ਅਤੇ 10 ਦਸੰਬਰ 2002 ਨੂੰ ਇਲਾਕਾ



ਮੈਜਿਸਟਰੇਟ ਸਿਰਸਾ ਦੀ ਅਦਾਲਤ ਵਿੱਚ ਪੇਸ਼ ਕੀਤੀ ਸੀ। ਪੁਲਸ ਦੀ ਜਾਂਚ ਵਿੱਚ ਖੁਲਾਸਾ ਹੋਇਆ ਸੀ ਕਿ ਪੱਤਰਕਾਰ ਛਤਰਪਤੀ ਦੇ ਕਤਲ ਲਈ ਵਰਤਿਆ 32 ਬੋਰ ਰਿਵਾਲਵਰ ਇਸ ਡੇਰੇ ਦੇ ਮੈਨੇਜਰ ਕ੍ਰਿਸ਼ਨ ਲਾਲ ਦਾ ਦਾ ਸੀ। ਇਹ ਕਤਲ ਕੇਸ ਇਲਾਕਾ ਮੈਜਿਸਟਰੇਟ ਨੇ 13 ਜਨਵਰੀ 2003 ਨੂੰ ਸੁਣਵਾਈ ਲਈ ਸੈਸ਼ਨ ਜੱਜ ਦੀ ਅਦਾਲਤ ਨੂੰ ਭੇਜ ਦਿੱਤਾ। ਇਸ ਮੌਕੇ ਮਰਹੂਮ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਵੱਡੇ ਪੁੱਤਰ ਅੰਸ਼ੁਲ ਛਤਰਪਤੀ ਨੇ ਹਰਿਆਣਾ ਪੁਲਸ ਦੀ ਜਾਂਚ 'ਤੇ ਸਵਾਲ ਉਠਾਉਂਦੇ ਹੋਏ ਪੰਜਾਬ ਹਰਿਆਣਾ ਹਾਈ ਕੋਰਟ ਨੂੰ ਇਹ ਕੇਸ ਸੀ ਬੀ ਆਈ ਨੂੰ ਭੇਜਣ ਲਈ ਪਟੀਸ਼ਨ ਦਾਇਰ ਕਰ ਦਿੱਤੀ ਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ 10 ਨਵੰਬਰ 2003 ਨੂੰ ਇਹ ਕੇਸ ਸੀ ਬੀ ਆਈ ਨੂੰ ਸੌਂਪ ਦਿੱਤਾ। ਸੀ ਬੀ ਆਈ ਨੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵੀ ਜਾਂਚ ਦੇ ਘੇਰੇ ਵਿੱਚ ਲੈ ਲਿਆ ਅਤੇ ਪੁਲਸ ਦੇ ਸਬ ਇੰਸਪੈਕਟਰ ਰਾਮ ਚੰਦਰ ਦਾ ਦੋ ਵਾਰ ਪੌਲੀਗ੍ਰਾਫ ਟੈਸਟ ਵੀ ਕਰਵਾਇਆ ਸੀ।

ਕੇਸ ਦੀ ਸੁਣਵਾਈ ਪੂਰੀ ਹੋਣ ਤੇ ਫੈਸਲੇ ਵੇਲੇ ਡੇਰਾ ਮੁਖੀ ਨੇ ਸਫਾਈ ਦਿੱਤੀ ਕਿ ਉਸ ਨੇ 1991 ਵਿੱਚ ਡੇਰਾ ਮੁਖੀ ਬਣਨ ਪਿੱਛੋਂ ਮਾਨਵਤਾ ਦੀ ਭਲਾਈ ਅਤੇ ਨਸ਼ਿਆਂ ਤੇ ਹੋਰ ਸਮਾਜਕ ਕੁਰੀਤੀਆਂ ਖਿਲਾਫ ਤਕਰੀਬਨ ਛੇ ਕਰੋੜ ਲੋਕਾਂ ਨੂੰ ਜਾਗਰੂਕ ਕੀਤਾ ਹੈ ਅਤੇ ਪਹਿਲੇ ਕੇਸ ਵਿੱਚ ਵੀ ਕੈਦ ਦੌਰਾਨ ਜੇਲ੍ਹ ਵਿਭਾਗ ਨੂੰ ਉਸ ਬਾਰੇ ਸ਼ਿਕਾਇਤ ਨਹੀਂ ਹੈ ਤੇ ਉਸ ਦਾ ਜੇਲ੍ਹ 'ਚ ਵਿਹਾਰ ਚੰਗਾ ਹੈ। ਇਸ ਤਰ੍ਹਾਂ ਦੂਜੇ ਦੋਸ਼ੀਆਂ ਨੇ ਸਫਾਈ ਦਿੱਤੀ ਕਿ ਉਨ੍ਹਾਂ ਦਾ ਕੋਈ ਪਿਛਲਾ ਅਪਰਾਧਕ ਰਿਕਾਰਡ ਨਹੀਂ ਹੈ। ਵਰਨਣ ਯੋਗ ਹੈ ਕਿ ਪੱਤਰਕਾਰ ਰਾਮ ਚੰਦਰ ਛਤਰਪਤੀ 'ਪੂਰਾ ਸੱਚ' ਅਖਬਾਰ ਦੇ ਸੰਪਾਦਕ ਸਨ ਤੇ ਉਨ੍ਹਾਂ ਨੇ 30 ਮਈ 2002 ਨੂੰ ਤੇ ਚਾਰ ਜੂਨ 2002 ਨੂੰ ਸਾਧਵੀਆਂ ਦੇ ਸ਼ੋਸ਼ਣ ਬਾਰੇ ਖਬਰਾਂ ਛਾਪੀਆਂ ਸਨ।

# ਖੇਤ ਵਿੱਚ ਬਾਪੂ ਦੀਆਂ ਅਸਥੀਆਂ ਦੱਬ ਕੇ ਰੁੱਖ ਲਾਇਆ

ਫਰੀਦਕੋਟ, 20 ਜਨਵਰੀ (ਪੋਸਟ ਬਿਊਰੋ)- ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪ੍ਰਧਾਨ ਰਜਿੰਦਰ ਸਿੰਘ ਨੇ ਲੰਬੇ ਸਮੇਂ ਤੋਂ ਚੱਲੀ ਆਈ ਰਵਾਇਤ ਤੋੜ ਕੇ ਆਪਣੇ ਪਿਤਾ ਜਸਵੰਤ ਸਿੰਘ ਦੀ ਮੌਤ ਪਿੱਛੋਂ ਉਨ੍ਹਾਂ ਦੀਆਂ ਅਸਥੀਆਂ ਕਿਸੇ ਧਾਰਮਿਕ ਸਥਾਨ 'ਤੇ ਜਾ ਕੇ ਜਲ ਪ੍ਰਵਾਹ ਕਰਨ ਦੀ ਥਾਂ ਖੇਤ ਵਿੱਚ ਦੱਬ ਕੇ ਉਥੇ ਪਿਤਾ ਦੀ ਯਾਦ ਵਿੱਚ ਬੂਟਾ ਲਾਇਆ। ਰਜਿੰਦਰ ਸਿੰਘ ਨੇ ਇਹ ਪਿਰਤ ਪਾਉਣ ਤੋਂ ਪਹਿਲਾਂ ਆਪਣੇ ਸਮੁੱਚੇ ਪਰਵਾਰ ਤੇ ਰਿਸ਼ਤੇਦਾਰਾਂ ਨੂੰ ਭਰੋਸੇ ਵਿੱਚ ਲਿਆ। ਵਕਾਲਤ ਦੀ ਪੜ੍ਹਾਈ ਕਰ ਚੁੱਕੇ ਰਜਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਮਿਹਨਤੀ ਕਿਸਾਨ ਸਨ ਤੇ ਉਨ੍ਹਾਂ ਆਪਣੀ ਸਖਤ ਮਿਹਨਤ ਨਾਲ ਆਪਣੀ ਜ਼ਮੀਨ ਨੂੰ ਜਰਖੇਜ਼ ਬਣਾਇਆ। ਰਜਿੰਦਰ ਸਿੰਘ ਨੇ ਕਿਹਾ ਕਿ ਮੌਤ ਪਿੱਛੋਂ ਵੀ ਉਸ ਦੇ ਪਿਤਾ ਆਪਣੇ ਖ਼ੂਨ ਪਸੀਨੇ ਨਾਲ ਜਰਖੇਜ਼ ਕੀਤੀ ਧਰਤੀ ਦਾ ਹਿਸਾ ਬਣੇ ਰਹਿਣਗੇ। ਰਜਿੰਦਰ ਸਿੰਘ ਤੇ ਉਸ ਦੀ ਪਤਨੀ ਜਗਰੂਪ ਕੌਰ ਨੇ ਇਹ ਨਵੀਂ ਪਿਰਤ ਪਾਉਣ ਪਿੱਛੋਂ ਆਪਣੇ ਪਰਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੂੰ ਦੱਸਿਆ ਕਿ ਸਦੀਆਂ ਤੋਂ ਚਲੀਆਂ ਆ ਰਹੀਆਂ ਪਿਰਤਾਂ ਤੇ ਰਿਵਾਜ਼ਾਂ ਨੂੰ ਬਦਲਣ ਦੀ ਲੋੜ ਹੈ ਅਤੇ ਮਨੁੱਖ ਨੂੰ ਹਰ ਹਾਲ ਵਿੱਚ ਕੁਦਰਤ ਦਾ ਸਾਥੀ ਬਣਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਵਿੱਤਰ ਜਲ ਸਰੋਤਾਂ ਵਿੱਚ ਅਸਥੀਆਂ, ਸੁਆਹ ਅਤੇ ਹੋਰ ਰਹਿੰਦ-ਖੂੰਹਦ ਸੁੱਟ ਕੇ ਇਨ੍ਹਾਂ ਨੂੰ ਪਲੀਤ ਨਹੀਂ ਕਰਨੀ ਚਾਹੀਦਾ। ਪਿੰਡ ਵਾਸੀਆਂ ਅਤੇ ਰਿਸ਼ਤੇਦਾਰਾਂ ਨੇ ਅਗਾਂਹ ਵਧੂ ਪਿਰਤਾਂ ਦਾ ਹਿੱਸਾ ਬਣਨ ਲਈ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ।

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job
For Further Information Contact: 6476253344

www.AREA REALTOR.com



Multi Award Winner Realtor
CENTURY 21 PRESIDENT
KAMAL SANDHU
Sales Representative
647.891.0143
905.488.2100 ext. 407



# ਵਿਰੋਧੀ ਧਿਰ ਦੀ ਜਬਰਦਸਤ ਰੈਲੀ ਵਿੱਚ ਮੋਦੀ ਦੇ ਖਿਲਾਫ ਮਮਤਾ ਬੈਨਰਜੀ ਗਰਜੀ

*** ਕੇਜਰੀਵਾਲ, ਅਖਿਲੇਸ਼, ਤੇਜੱਸਵੀ, ਸ਼ਰਦ ਪਵਾਰ, ਅਬਦੁੱਲਾ ਸ਼ਾਮਲ**



ਕੋਲਕਾਤਾ, 20 ਜਨਵਰੀ, (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਭਾਜਪਾ ਵਿਰੋਧੀ ਇਕਜੁੱਟਤਾ ਰੈਲੀ ਵਿੱਚ ਨਾ ਸਿਰਫ਼ ਵਿਰੋਧੀ ਏਕਤਾ ਦੀ ਝਲਕ ਦਿਖਾਈ ਦਿੱਤੀ, ਸਗੋਂ ਕੇਂਦਰ ਦੀ ਮੋਦੀ ਸਰਕਾਰ ਨੂੰ ਅੱਜ ਇਹ ਸੰਦੇਸ਼ ਦੇਣ ਦਾ ਵੀ ਯਤਨ ਕੀਤਾ ਗਿਆ ਕਿ ਵਿਰੋਧੀ ਪਾਰਟੀਆਂ ਦੇ ਨੇਤਾ ਇਕੋ ਥਾਂ ਆ ਰਹੇ ਹਨ। ਇਸ ਰੈਲੀ ਵਿੱਚ ਵਿਰੋਧੀ ਧਿਰਾਂ ਤੋਂ ਸਾਬਕਾ ਪ੍ਰਧਾਨ ਮੰਤਰੀ ਐੱਚ ਡੀ ਦੇਵਗੌੜਾ, ਕਰਨ-ਾਟਕ ਦੇ ਮੁੱਖ ਮੰਤਰੀ ਕੁਮਾਰਸਵਾਮੀ, ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ, ਆਮ ਆਦਮੀ ਪਾਰਟੀ ਦੇ ਮੁਖੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਜੰਮੂ ਕਸ਼ਮੀਰ ਦੀ ਨੈਸ਼ਨਲ ਕਾਨਫਰੰਸ ਦੇ ਨੇਤਾ ਫਾਰੂਕ ਅਬਦੁੱਲਾ, ਡੀ ਐੱਮ ਕੇ ਪਾਰਟੀ ਦੇ ਮੁਖੀ ਐੱਮ ਕੇ ਸਟਾਲਿਨ, ਜਨਤਾ ਦਲ ਐੱਸ ਨਾਲੋਂ ਟੁੱਟ ਚੁੱਕੇ ਸ਼ਰਦ ਯਾਦਵ ਤੇ ਸਾਬਕਾ ਭਾਜਪਾ ਨੇਤਾ ਅਰੁਣ ਸ਼ੋਰੀ ਸਣੇ ਕਈ ਨੇਤਾ ਸ਼ਾਮਲ ਹੋਏ। ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਖੁਦ ਰੈਲੀ ਵਿਚ ਸ਼ਾਮਲ ਨਹੀਂ ਹੋਏ, ਪਰ ਉਨ੍ਹਾਂ ਦਾ ਪ੍ਰਤੀਨਿਧ ਓਥੇ ਗਿਆ ਸੀ।

ਇਸ ਮੌਕੇ ਬੋਲਦੇ ਹੋਏ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਦੇਸ਼ ਵਿੱਚ ਸੀ ਬੀ ਆਈ ਦੀ ਬਹੁਤ ਇੱਜ਼ਤ ਸੀ, ਪਰ ਮੋਦੀ ਸਰਕਾਰ ਨੇ ਉਸ ਨੂੰ ਰੋਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਅਸੀਂ ਰੱਥ ਯਾਤਰਾ ਦੇ ਨਾਂ ਉੱਤੇ ਪੱਛਮੀ ਬੰਗਾਲ ਵਿੱਚ ਦੰਗਾ-ਫਸਾਦ ਕਰਨ ਦੀ ਖੁੱਲ੍ਹ ਨਹੀਂ ਦੇ ਸਕਦੇ। ਦੇਸ਼ ਦੇ ਬਹੁਤੇ ਹਿੱਸਿਆਂ ਦੇ ਲੋਕ ਭਾਜਪਾ ਤੋਂ ਨਾਰਾਜ਼ ਹਨ, ਅਸਾਮ ’ਚ ਭਾਜਪਾ ਨੂੰ ਲੋਕ ਸਭਾ ਦੀ ਇਕ ਵੀ ਸੀਟ ਨਹੀਂ ਮਿਲਣੀ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ’ਚ ਗੱਠਜੋੜ ਦੀ ਜਿੱਤ ਦੇ ਬਾਅਦ ਫਿਰ ਇਸੇ ਮੈਦਾਨ ’ਚ ਰੈਲੀ ਹੋਵੇਗੀ ਅਤੇ ਇਸ ਮੰਚ ’ਤੇ ਅੱਜ ਦਿਖਾਈ ਦੇ ਰਹੇ ਸਾਰੇ ਨੇਤਾਵਾਂ ਨੂੰ ਉਸ ਦਿਨ ਫਿਰ ਬੁਲਾਇਆ ਜਾਵੇਗਾ। ਮਮਤਾ ਬੈਨਰਜੀ ਨੇ ਕਿਹਾ ਕਿ ਮੋਦੀ ਸਰਕਾਰ ਦੀ ਐਕਸਪਾਇਰੀ ਡੇਟ ਹੋ ਗਈ ਹੈ, ਉਨ੍ਹਾਂ ਦਾ ਸਮਾਂ ਹੋ ਗਿਆ ਹੈ, ਇਸ ਮੰਚ ਉਤੇ ਪੂਰਾ ਹਿੰਦੂਸਤਾਨ ਦਿੱਸਦਾ ਹੈ, ਇਸ ਯੂਨਾਈਟਿਡ ਇੰਡੀਆ ਰੈਲੀ ਵਿਚ 23 ਰਾਜਾਂ ਤੋਂ 26 ਪਾਰਟੀਆਂ ਦੇ ਆਗੂ ਬੈਠੇ ਦਿੱਸ-ਦੇ ਹਨ। ਮੋਦੀ ਜੀ, ਤੁਸੀਂ ਲਾਲੂ ਪ੍ਰਸਾਦ ਯਾਦਵ ਨੂੰ ਨਹੀਂ ਛੱਡਿਆ, ਅਖਿਲੇਸ਼ ਯਾਦਵ ਨੂੰ ਨਹੀਂ ਛੱਡਿਆ, ਮਾਇਆਵਤੀ ਤੇ ਮੈਨੂੰ ਨਹੀਂ ਛੱਡਿਆ, ਫਿਰ ਇਹ ਤੁਹਾਨੂੰ ਕਿਉਂ ਛੱਡਣਗੇ? ਮੋਦੀ ਨੂੰ ਲੱਗਦਾ ਹੈ ਕਿ ਉਹੀ ਇਮਾਨਦਾਰ ਹੈ, ਬਾਕੀ ਸਭ ਬੇਈਮਾਨ ਹਨ। ਦੇਸ਼ ਵਿੱਚ ਬਹਾਰ ਬਦਲੇ, ਮੌਸਮ ਬਦਲੇ, ਹਰ ਚੀਜ਼ ਬਦਲੇ ਤਾਂ ਭਾਜਪਾ ਸਰਕਾਰ ਕਿਉਂ ਨਾ ਬਦਲੇ। ਸਾਲ 2014 ਵਿੱਚ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਮੋਦੀ ਨੇ ਕੀਤਾ ਸੀ, ਪਰ 2018 ’ਚ ਕਰੋੜਾਂ ਲੋਕ ਉਸ ਦੀਆਂ ਨੀਤੀਆਂ ਨਾਲ ਬੇਰੁਜ਼ਗਾਰ ਹੋ ਗਏ। ਨੌਕਰੀਆਂ ਹੈ ਨਹੀਂ, ਪਰ ਰਾਖਵਾਂਕਰਨ ਦੇ ਰਹੇ ਹਨ। ਉਨ੍ਹਾਂ ਕਿਹਾ: ਸਾਨੂੰ ਪੁੱਛਿਆ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਅਹੁਦੇ ਦਾ ਦਾਅਵੇਦਾਰ ਕੌਣ ਹੈ? ਸਾਡੇ ਕੋਲ ਬਹੁਤ ਨੇਤਾ ਹਨ, ਤੁਹਾਡੇ ਕੋਲ ਸਿਰਫ਼ ਇਕੋ ਨੇਤਾ ਹੈ। ਸਾਂਝੀ ਲੀਡਰਸ਼ਿਪ ਅੱਜ ਸਮੇਂ ਦੀ ਮੰਗ ਹੈ, ਇਸ ਲਈ ਸਭ ਨੂੰ ਮਿਲ ਕੇ ਚੱਲਣਾ ਚਾਹੀਦਾ ਹੈ।

# ਮਾਇਆਵਤੀ ਵਿਰੁੱਧ ਭਾਜਪਾ ਨੇਤਾ ਦੀ ਟਿੱਪਣੀ ਦੇ ਕਾਰਨ ਮਹਿਲਾ ਕਮਿਸ਼ਨ ਨੋਟਿਸ ਭੇਜੇਗਾ

ਲਖਨਊ, 20 ਜਨਵਰੀ (ਪੋਸਟ ਬਿਊਰੋ)- ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਦੇ ਖਿਲਾਫ ਦਿੱਤੇ ਇਤਰਾਜ਼ ਯੋਗ ਬਿਆਨ ’ਤੇ ਭਾਜਪਾ ਵਿਧਾਇਕ ਸਾਧਨਾ ਸਿੰਘ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਕੌਮੀ ਮਹਿਲਾ ਕਮਿਸ਼ਨ (ਐੱਨ ਸੀ ਡਬਲਿਊ) ਇਸ ਬਾਰੇ ਖੁਦ ਨੋਟਿਸ ਲੈਂਦੇ ਹੋਏ ਭਾਜਪਾ ਵਿਧਾਇਕ ਨੂੰ ਨੋਟਿਸ ਭੇਜਣ ਲੱਗਾ ਹੈ।

ਵਰਨਣ ਯੋਗ ਹੈ ਕਿ ਸਾਧਨਾ ਸਿੰਘ ਨੇ ਆਪਣੇ ਵਿਵਾਦ ਪੂਰਨ ਬਿਆਨ ’ਚ ਕਿਹਾ ਸੀ ਕਿ ਮਾਇਆਵਤੀ ਨਾ ਔਰਤ ਲੱਗਦੀ ਹੈ ਅਤੇ ਨਾ ਪੁਰਸ਼ ਲੱਗਦੀ ਹੈ। ਕੇਂਦਰੀ ਮੰਤਰੀ ਰਾਮਦਾਸ ਅਠਾਵਲੇ ਨੇ ਭਾਜਪਾ ਨੇਤਾ ਦੇ ਇਸ ਬਿਆਨ ਦੀ ਨਿੰਦਾ ਕੀਤੀ ਹੈ। ਸਾਧਨਾ ਨੇ ਕਿਹਾ, ‘ਜਿਸ ਔਰਤ ਦਾ ਇੰਨਾ ਵੱਡਾ ਚੀਰਹਰਨ ਹੋ ਜਾਵੇ, ਉਹ ਸੱਤਾ ਲਈ ਅੱਗੇ ਨਹੀਂ ਆਉਂਦੀ। ਇਸ ਦਾ ਸਭ ਕੁਝ ਲੁੱਟ ਗਿਆ, ਫਿਰ ਵੀ ਕੁਰਸੀ ਲਈ ਅਪਮਾਨ ਪੀ ਲਿਆ। ਉਹ ਕਿੰਨਰ ਤੋਂ ਵੀ ਬਦਤਰ ਹੈ, ਕਿਉਂਕਿ ਉਹ ਨਾ ਪੁਰਸ਼ ਹੈ ਤੇ ਨਾ ਔਰਤ ਹੈ।’ ਸਾਧਨਾ ਸਿੰਘ ਚੰਦੌਲੀ ਜ਼ਿਲੇ ਦੀ ਮੁਗਲਸਰਾਏ ਸੀਟ ਤੋਂ ਭਾਜਪਾ ਵਿਧਾਇਕ ਹੈ।

ਭਾਜਪਾ ਨੇਤਰੀ ਸਾਧਨਾ ਸਿੰਘ ਦੇ ਇਸ ਵਿਵਾਦਤ ਬਿਆਨ ’ਤੇ ਕੇਂਦਰੀ ਮੰਤਰੀ ਤੇ ਰਿਪਬਲਿਕਨ ਪਾਰਟੀ ਦੇ ਮੁਖੀ ਰਾਮਦਾਸ ਅਠਾਵਲੇ ਨੇ ਵੀ ਭਾਜਪਾ ਨੇਤਾ ’ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ, ‘ਸਾਡੀ ਪਾਰਟੀ ਭਾਜਪਾ ਨਾਲ ਹੈ, ਪਰ ਮਾਇਆਵਤੀ ਦੇ ਖਿਲਾਫ ਦਿੱਤੇ ਬਿਆਨ ਨਾਲ ਅਸੀਂ ਸਹਿਮਤ ਨਹੀਂ, ਮਾਇਆਵਤੀ ਦਲਿਤ ਭਾਈਚਾਰੇ ਦੀ ਵੱਡੀ ਔਰਤ ਹੈ ਤੇ ਚੰਗੀ ਪ੍ਰਸ਼ਾਸਕ ਵੀ। ਜੇ ਸਾਡੀ ਪਾਰਟੀ ਦੇ ਕਿਸੇ ਨੇਤਾ ਨੇ ਏਦਾਂ ਦਾ ਬਿਆਨ ਦਿੱਤਾ ਹੁੰਦਾ ਤਾਂ ਅਸੀਂ ਜ਼ਰੂਰ ਐਕਸ਼ਨ ਲੈਂਦੇ।’ ਦੂਜੇ ਪਾਸੇ ਬਸਪਾ ਦੇ ਸੀਨੀਅਰ ਨੇਤਾ ਸਤੀਸ਼ ਚੰਦਰ ਮਿਸ਼ਰਾ ਨੇ ਸਾਧਨਾ ’ਤੇ ਪਲਟਵਾਂ ਵਾਰ ਕਰਦੇ ਹੋਏ ਕਿਹਾ ਕਿ ਭਾਜਪਾ ਦੇ ਨੇਤਾ ਆਪਣਾ ਮਾਨਸਿਕ ਸੰਤੁਲਨ ਗਵਾ ਬੈਠੇ ਹਨ। ਉਸ ਨੇ ਕਿਹਾ, ‘ਸਾਧਨਾ ਸਿੰਘ ਨੇ ਸਾਡੀ ਪਾਰਟੀ ਪ੍ਰਧਾਨ ਲਈ ਜਿਸ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਉਹ ਭਾਜਪਾ ਦਾ ਪੱਧਰ ਦਿਖਾਉਂਦੀ ਹੈ।’



## ਜੰਗ ਬਿਨਾਂ ਵੀ ਸਰਹੱਦ 'ਤੇ ਫੌਜੀ ਕਿਉਂ ਮਰ ਰਹੇ ਹਨ: ਭਾਗਵਤ

ਨਾਗਪੁਰ, 20 ਜਨਵਰੀ (ਪੋਸਟ ਬਿਊਰੋ)- ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐੱਸ ਐੱਸ) ਨੇ ਪਿੱਛਲੇ ਦਿਨੀਂ ਸਰਹੱਦ ਉੱਤੇ ਪਾਕਿਸਤਾਨ ਦੀ ਗੋਲੀਆਂ ਨਾਲ ਭਾਰਤੀ ਫੌਜੀਆਂ ਦੀ ਮੌਤ ਅਤੇ ਰਾਮ ਮੰਦਰ ਬਾਰੇ ਨਰਿੰਦਰ ਮੋਦੀ ਸਰਕਾਰ ਉਤੇ ਦੋਹਰਾ ਹਮਲਾ ਕੀਤਾ ਹੈ। ਨਾਗਪੁਰ ਵਿੱਚ ਇਕ ਪ੍ਰੋਗਰਾਮ ਵਿੱਚ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਦੇਸ਼ ਵਿੱਚ ਕੋਈ ਜੰਗ ਨਹੀਂ ਚੱਲ ਰਹੀ, ਫਿਰ ਵੀ ਸਰਹੱਦਾਂ 'ਤੇ ਫੌਜੀ ਸ਼ਹੀਦ ਹੋ ਰਹੇ ਹਨ।

ਇਸ ਭਾਸ਼ਣ ਵਿੱਚ ਮੋਹਣ ਭਾਗਵਤ ਨੇ ਕਿਹਾ ਕਿ ਇਨ੍ਹਾਂ ਮੌਤਾਂ ਦਾ ਕਾਰਨ ਇਹ ਹੈ ਕਿ ਅਸੀਂ ਆਪਣਾ ਕੰਮ ਠੀਕ ਢੰਗ ਨਾਲ ਨਹੀਂ ਕਰ ਰਹੇ, ਸਾਨੂੰ ਇਹ ਸਹੀ ਕਰਨਾ ਹੋਵੇਗਾ। ਭਾਗਵਤ ਨੇ ਕਿਹਾ ਕਿ ਆਪਣੇ ਦੇਸ਼ ਲਈ ਮਰਨ ਦਾ ਸਮਾਂ ਉਦੋਂ ਸੀ, ਜਦੋਂ ਆਜ਼ਾਦੀ ਲੈਣੀ ਸੀ, ਆਜ਼ਾਦੀ ਤੋਂ ਬਾਅਦ ਸਰਹੱਦਾਂ 'ਤੇ ਆਪਣੇ ਦੇਸ਼ ਲਈ ਮਰਨ ਦਾ ਸਮਾਂ ਉਦੋਂ ਹੁੰਦਾ ਹੈ, ਜਦੋਂ ਜੰਗ ਹੁੰਦੀ ਹੈ। ਦੇਸ਼ ਨੂੰ ਵੱਡਾ ਬਣਾਉਣਾ ਹੈ ਤਾਂ ਦੇਸ਼ ਲਈ ਜੀਉਣਾ ਸਿੱਖਣਾ ਹੋਵੇਗਾ। ਸੰਘ ਦੇ ਮੁਖੀ ਦੇ ਮੁਤਾਬਕ ਕਿਸੇ ਦੇਸ਼ ਨਾਲ ਲੜਾਈ ਹੁੰਦੀ ਹੈ ਤਾਂ ਪੂਰੇ ਸਮਾਜ ਨੂੰ ਲੜਨਾ ਪੈਂਦਾ ਹੈ। ਸਰਹੱਦਾਂ ਤੇ ਫੌਜੀਆਂ ਨੂੰ ਭੇਜਿਆ ਜਾਂਦਾ ਹੈ। ਸਭ ਤੋਂ ਵੱਧ ਖਤਰਾ ਵੀ ਉਹੀ ਲੋਕ ਲੈਂਦੇ ਹਨ।

## ਸ਼ਬਰੀਮਾਲਾ ਮੰਦਰ ਵਿੱਚ ਕੁੱਲ ਮਿਲਾ ਕੇ 51 ਔਰਤਾਂ ਮੱਥਾ ਟੇਕਣ ਲਈ ਗਈਆਂ

ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਕੇਰਲ ਸਰਕਾਰ ਨੇ ਕੱਲ੍ਹ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ ਅਦਾਲਤ ਵੱਲੋਂ ਬੀਤੇ ਸਤੰਬਰ ਵਿੱਚ ਸ਼ਬਰੀਮਾਲਾ ਮੰਦਰ ਵਿੱਚ ਔਰਤਾਂ ਦੇ ਦਾਖਲੇ ਤੋਂ ਲੱਗੀ ਰੋਕ ਹਟਾਉਣ ਪਿੱਛੋਂ 10-50 ਸਾਲ ਦੇ ਉਮਰ ਵਰਗ ਦੀਆਂ 51 ਔਰਤਾਂ ਮੰਦਰ ਵਿੱਚ ਦਾਖਲ ਹੋ ਕੇ ਮੱਥਾ ਟੇਕ ਚੁੱਕੀਆਂ ਹਨ।

ਇਸ ਸੰਬੰਧ ਵਿੱਚ ਕੇਰਲ ਸਰਕਾਰ ਵੱਲੋਂ ਅਦਾਲਤ ਵਿੱਚ ਪੇਸ਼ ਹੋਏ ਸੀਨੀਅਰ ਵਕੀਲ ਵਿਜੈ ਹੰਸਾਰੀਆ ਨੇ ਕਿਹਾ ਕਿ ਰੋਕ ਹਟਣ ਤੋਂ ਅੱਜ ਤੱਕ 51 ਔਰਤਾਂ ਮੰਦਰ ਵਿੱਚ ਮੱਥਾਂ ਟੇਕ ਚੁੱਕੀਆਂ ਹਨ ਅਤੇ ਸਭ ਨੂੰ ਲੋੜੀਂਦੀ ਸੁਰੱਖਿਆ ਦਿੱਤੀ ਗਈ ਹੈ। ਹੰਸਾਰੀਆ ਨੇ ਅਦਾਲਤ ਨੂੰ ਦੱਸਿਆ ਕਿ 10-50 ਸਾਲ ਉਮਰ ਵਰਗ ਦੀਆਂ ਕੁੱਲ 7564 ਔਰਤਾਂ ਨੇ ਦਰਸ਼ਨਾਂ ਲਈ ਰਜਿਸਟਰੇਸ਼ਨ ਕਰਵਾਈ ਸੀ ਤੇ ਡਿਜੀਟਲ ਸਕੈਨ ਰਿਕਾਰਡ ਮੁਤਾਬਕ ਇਨ੍ਹਾਂ ਵਿੱਚੋਂ 51 ਔਰਤਾਂ ਨੇ ਦਰਸ਼ਨ ਕਰ ਲਏ ਹਨ। ਦੋ ਔਰਤਾਂ ਬਿੰਦੂ ਅਤੇ ਕਨਕਦੁਰਗਾ ਦੀ ਪਟੀਸ਼ਨ ਉੱਤੇ ਵਕੀਲ ਨੇ ਕਿਹਾ ਕਿ ਸੁਰੱਖਿਆ ਦਿੱਤੀ ਜਾ ਰਹੀ ਹੈ। ਅਦਾਲਤ ਨੇ ਕਿਹਾ ਕਿ ਇਹ ਸੁਰੱਖਿਆ ਜਾਰੀ ਰੱਖੀ ਜਾਵੇ।

ਆਪਣੀ ਸੱਸ ਵੱਲੋਂ ਕੁੱਟਮਾਰ ਦਾ ਸ਼ਿਕਾਰ ਹੋਈ ਕਨਕਦੁਰਗਾ ਦੀ ਸੁਰੱਖਿਆ ਲਈ ਕੇਰਲ ਸਰਕਾਰ ਨੇ 19 ਪੁਲਸ ਮੁਲਾਜ਼ਮ ਹਸਪਤਾਲ ਵਿੱਚ ਲਾਏ ਹੋਏ ਹਨ। ਕੇਰਲ ਸਰਕਾਰ ਵੱਲੋਂ ਦਿੱਤੇ ਐਫੀਡੇਵਿਟ ਨੂੰ ਭਾਜਪਾ, ਸ਼ਬਰੀਮਾਲਾ ਕਰਮਾ ਸਮਿਤੀ ਅਤੇ ਭਗਵਾਨ ਅਯੱਪਾ ਮੰਦਰ ਨਾਲ ਸਬੰਧ ਰੱਖਦੇ ਪੰਡਾਲਮ ਸ਼ਾਹੀ ਪਰਵਾਰ ਨੇ ‘ਝੂਠਾ' ਦੱਸਿਆ ਹੈ।

# ਮੋਦੀ ਸਰਕਾਰ ਦੇ ਰਾਜ ਵਿੱਚ ਕਰਜ਼ਾ 49 ਫੀਸਦੀ ਵਧ ਕੇ 82 ਲੱਖ ਕਰੋੜ ਹੋ ਗਿਆ

ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਅਗਲੀਆਂ ਲੋਕ ਸਭਾ ਚੋਣਾਂ ਬਾਰੇ ਕੇਂਦਰ 'ਚ ਸੱਤਾਧਾਰੀ ਮੋਦੀ ਸਰਕਾਰ ਕਈ ਤਰ੍ਹਾਂ ਦੀਆਂ ਹਰਮਨ ਪਿਆਰੀਆਂ ਯੋਜਨਾਵਾਂ ਬਾਰੇ ਸੋਚ ਰਹੀ ਹੈ, ਪਰ ਦੂਜੇ ਪਾਸੇ ਦੇਸ਼ ਦਾ ਸਰਕਾਰੀ ਘਾਟਾ ਵਧਦਾ ਜਾ ਰਿਹਾ ਹੈ। ਇਸ ਦੌਰਾਨ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆਈ ਹੈ ਕਿ ਮੋਦੀ ਸਰਕਾਰ ਦੇ ਰਾਜ ਵਿੱਚ ਦੇਸ਼ ਉਤੇ ਕਰਜ਼ੇ ਵਿੱਚ 49 ਫੀਸਦੀ ਦਾ ਵਾਧਾ ਹੋਇਆ ਅਤੇ ਇਹ 82 ਲੱਖ ਕਰੋੜ 'ਤੇ ਜਾ ਪਹੁੰਚਿਆ ਹੈ।

ਇਸ ਸੰਬੰਧ ਵਿੱਚ ਕੇਂਦਰ ਸਰਕਾਰ ਦੇ ਕਰਜ਼ੇ ਬਾਰੇ ਸਟੇਟਸ ਰਿਪੋਰਟ ਦੇ 8ਵੇਂ ਐਡੀਸ਼ਨ ਵਿੱਚ ਕਿਹਾ ਗਿਆ ਹੈ ਕਿ ਜੂਨ 2014 ਵਿੱਚ ਕੇਂਦਰ ਸਰਕਾਰ 'ਤੇ ਕੁੱਲ ਕਰਜ਼ਾ 54,90,763 ਲੱਖ ਕਰੋੜ ਰੁਪਏ ਸੀ, ਜਿਹੜਾ ਸਤੰਬਰ 2018 ਵਿੱਚ ਵਧ ਕੇ 82,03,253 ਲੱਖ ਕਰੋੜ ਰੁਪਏ ਉੱਤੇ ਪਹੁੰਚ ਗਿਆ। ਸਰਕਾਰ ਉੱਤੇ ਕਰਜ਼ੇ 'ਚ ਭਾਰੀ ਵਾਧੇ ਦਾ ਕਾਰਨ ਜਨਤਕ ਕਰਜ਼ੇ ਵਿੱਚ 51.7 ਫੀਸਦੀ ਵਾਧਾ ਵੀ ਹੈ, ਜਿਹੜਾ ਪਿਛਲੇ ਸਾਢੇ ਚਾਰ ਸਾਲਾਂ ਵਿੱਚ 48 ਲੱਖ ਕਰੋੜ ਰੁਪਏ ਵਧ ਕੇ 73 ਲੱਖ ਕਰੋੜ ਰੁਪਏ 'ਤੇ ਪਹੁੰਚ ਗਿਆ। ਜਨਤਕ ਕਰਜ਼ੇ ਵਿੱਚ ਇਹ ਵਾਧਾ ਅੰਦਰੂਨੀ ਕਰਜ਼ੇ ਵਿੱਚ 54 ਫੀਸਦੀ ਦੇ ਵਾਧੇ ਕਾਰਨ ਹੋਇਆ, ਜੋ ਲਗਭਗ 68 ਲੱਖ ਕਰੋੜ ਰੁਪਏ 'ਤੇ ਪਹੁੰਚ ਗਿਆ ਹੈ। ਇਸ ਦੌਰਾਨ ਮਾਰਕੀਟ ਕਰਜ਼ਾ 47.5 ਫੀਸਦੀ ਵਧ ਕੇ 52 ਲੱਖ ਕਰੋੜ ਰੁਪਏ ਤੋਂ ਵੀ ਵੱਧ ਹੋ ਗਿਆ।

# ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਉੱਤੇ ਕੋਰਟ ਵੱਲੋਂ ਸਟੇਅ ਲੱਗਾ



ਨਵੀਂ ਦਿੱਲੀ, 20 ਜਨਵਰੀ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਕਾਰਜਕਾਰਨੀ ਦੀ ਚੋਣ ਲਈ 19 ਜਨਵਰੀ ਨੂੰ ਰੱਖੀ ਗਈ ਚੋਣ ਵਿਰੁੱਧ ਦਿੱਲੀ ਦੀ ਇੱਕ ਕੋਰਟ ਨੇ ਸਟੇਅ ਜਾਰੀ ਕਰ ਦਿੱਤਾ ਹੈ। ਇਸ ਤਰ੍ਹਾਂ ਇਹ ਮੀਟਿੰਗ ਨਹੀਂ ਹੋ ਸਕੇਗੀ ਤੇ ਅਹੁਦੇਦਾਰਾਂ ਦੀ ਚੋਣ ਅਣਮਿਥੇ ਸਮੇਂ ਲਈ ਮੁਲਤਵੀ ਹੋ ਗਈ ਹੈ।

ਅੱਜ ਸ਼ੁੱਕਰਵਾਰ ਦਿੱਲੀ ਦੀ ਇਕ ਅਦਾਲਤ ਦੇ ਜੱਜ ਸੰਜੀਵ ਕੁਮਾਰ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਤੇ ਮੌਜੂਦਾ ਮੈਂਬਰ ਗੁਰਮੀਤ ਸਿੰਘ ਸ਼ੰਟੀ ਦੀ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਸਾਰੇ ਪੱਖਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਇਸ ਕਮੇਟੀ ਦੀ ਅੰਦਰੂਨੀ ਚੋਣ ਰੋਕ ਦਿੱਤੀ ਹੈ। ਇਸ ਹੁਕਮ ਨਾਲ ਬਾਦਲ ਅਕਾਲੀ ਦਲ ਨੂੰ ਇੱਕ ਵੱਡਾ ਝਟਕਾ ਲੱਗਾ ਸਮਝਿਆ ਜਾਂਦਾ ਹੈ। ਲੱਗਭਗ ਦੋ ਘੰਟੇ ਚੱਲੀ ਬਹਿਸ ਮਗਰੋਂ ਅਦਾਲਤ ਨੇ ਪਟੀਸ਼ਨਰ ਗੁਰਮੀਤ ਸਿੰਘ ਸ਼ੰਟੀ ਦੇ ਹੱਕ ’ਚ ਫੈਸਲਾ ਦਿੱਤਾ, ਜਿਨ੍ਹਾਂ ਦੀ ਦਲੀਲ ਸੀ ਕਿ ਦਿੱਲੀ ਗੁਰਦੁ-ਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਅਤੇ ਕਾਰਜਕਾਰਨੀ ਦੇ ਹੋਰਨਾਂ ਮੈਂਬਰਾਂ ਦੇ ਵਿਰੁੱਧ ਉਨ੍ਹਾਂ ਨੇ ਧੋਖਾਦੇਹੀ ਤੇ ਭ੍ਰਿਸ਼ਟਾਚਾਰ ਦਾ ਕੇਸ ਦਰਜ ਕਰਵਾਇਆ ਹੈ, ਇਸ ਕੇਸ ਤੋਂ ਬਾਅਦ ਕਾਰਜਕਾਰਨੀ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਦਾ ਰਾਹ ਲੱਭਦੀ ਪਈ ਹੈ ਅਤੇ ਚੋਣਾਂ ਦਾ ਬਹਾਨਾ ਬਣਾ ਕੇ ਆਪਣੀਆਂ ਗਲਤੀਆਂ ’ਤੇ ਪਰਦਾ ਪਾਉਣ ਦਾ ਯਤਨ ਹੋ ਰਿਹਾ ਹੈ, ਹਾਲਾਂਕਿ ਇਸ ਦੀ ਕਾਰਜਕਾਰਨੀ ਦੀ ਮਿਆਦ 29 ਮਾਰਚ 2019 ਤੱਕ ਰਹਿੰਦੀ ਹੈ। ਸ਼ੰਟੀ ਦਾ ਕਹਿਣਾ ਸੀ ਕਿ ਸਮੇਂ ਤੋਂ ਪਹਿਲਾਂ ਇਹ ਚੋਣ ਹੋ ਗਈ ਤਾਂ ਕਮੇਟੀ ਦੇ ਦੋਸ਼ੀ ਮੈਂਬਰਾਂ ਦੇ ਵਿਰੁੱਧ ਕਾਰਵਾਈ ਕਰਨੀ ਮੁਸ਼ਕਲ ਹੋ ਜਾਵੇਗੀ।

ਇਸ ਤੋਂ ਉਲਟ ਗੁਰਦੁਆਰਾ ਕਮੇਟੀ ਦੇ ਵਕੀਲ ਦੀ ਇਹ ਦਲੀਲ ਸੀ ਕਿ ਗੁਰਦੁਆਰਾ ਕਮੇਟੀ ਦੀ ਕਾਰਜਕਾਰਨੀ ਦੇ ਮੈਂਬਰ ਅਸਤੀਫਾ ਦੇ ਚੁੱਕੇ ਹਨ, ਇਸ ਲਈ ਨਵੀਂ ਚੋਣ ਕਰਾਉਣੀ ਪੈਣੀ ਹੈ, ਪਰ ਗੁਰਦੁ-ਆਰਾ ਚੋਣ ਡਾਇਰੈਕਟੋਰੇਟ ਨੇ ਕਿਸੇ ਵੀ ਮੈਂਬਰ ਦਾ ਅਸਤੀਫਾ ਮਿਲਣ ਦੀ ਗੱਲ ਰੱਦ ਕਰ ਦਿੱਤੀ ਹੈ।

jobs! jobs! jobs! jobs! jobs!

HELP WANTED
ਕਾਮਿਆਂ ਦੀ ਲੋੜ
DUNDAS·JAFINE
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
Kanwaljit S. Dhunna
Mortgage broker
416.301.1976
Email: kdhunna62@gmail.com
5 CHERRYCREST DR. #206 BRAMPTON L6P 3W4

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Insurance
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES:
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਟਰੰਪ ਨੇ ਪ੍ਰੇਮ ਪਰਮੇਸ਼ਵਰਨ ਨੂੰ ਆਪਣਾ ਸਲਾਹਕਾਰ ਬਣਾਇਆ



ਵਾਸ਼ਿੰਗਟਨ, 20 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਮੂਲ ਦੇ ਆਰਥਿਕ ਮਾਮਲਿਆਂ ਦੇ ਉੱਘੇ ਮਾਹਿਰ ਪ੍ਰੇਮ ਪਰਮੇਸ਼ਵਰਨ ਨੂੰ ਆਪਣਾ ਸਲਾਹਕਾਰ ਨਿਯੁਕਤ ਕੀਤਾ ਹੈ।

ਵ੍ਹਾਈਟ ਹਾਊਸ ਤੋਂ ਜਾਰੀ ਪ੍ਰੈਸ ਬਿਆਨ ਵਿੱਚ ਦਿੱਤੀ ਜਾਣਕਾਰੀ ਮੁਤਾਬਕ ਪਰਮੇਸ਼ਵਰਨ (50) ਪਹਿਲੇ ਭਾਰਤੀ ਅਮਰੀਕੀ ਹਨ, ਜਿਨ੍ਹਾਂ ਨੂੰ 12 ਮੈਂਬਰੀ ਰਾਸ਼ਟਰਪਤੀ ਦੀ ਸਲਾਹਕਾਰ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਕਮੇਟੀ ਏਸ਼ਿਆਈ ਅਤੇ ਪ੍ਰਸ਼ਾਂਤ ਮੂਲ ਦੇ ਲੋਕਾਂ ਬਾਰੇ ਰਾਸ਼ਟਰਪਤੀ ਨੂੰ ਸਲਾਹ ਦਿੰਦੀ ਹੈ। ਨਿਊਯਾਰਕ ਵਿੱਚ ਨਿਯੁਕਤ ਪ੍ਰੇਮ ਇਸ ਵੇਲੇ ਇਰੋਜ਼ ਇੰਟਰਨੈਸ਼ਨਲ ਦੇ ਉਤਰੀ ਅਮਰੀਕਾ ਖੇਤਰ ਦੇ ਪ੍ਰੈਜ਼ੀਡੈਂਟ ਤੇ ਗਰੁੱਪ ਦੇ ਚੀਫ ਫਾਇਨੈਂਸ਼ੀਅਲ ਅਫਸਰ ਹਨ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲੇਨ ਐਲ ਚਾਓ ਨੂੰ ਵ੍ਹਾਈਟ ਹਾਊਸ ਇਨੀਸ਼ੀਏਟਿਵ ਨਾਂ ਦੀ ਸੰਸਥਾ ਦਾ ਉਪ ਪ੍ਰਧਾਨ ਬਣਾਇਆ ਹੈ। ਆਪਣੇ ਸਮੇਂ ਵਿੱਚ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਵ੍ਹਾਈਟ ਹਾਊਸ ਵਿੱਚ ਰਾਸ਼ਟਰਪਤੀ ਸਲਾਹਕਾਰ ਕਮੇਟੀ ਦਾ ਗਠਨ ਕੀਤਾ ਸੀ। ਇਹ ਏਸ਼ੀਆ ਤੇ ਪ੍ਰਸ਼ਾਂਤ ਖੇਤਰ ਦੇ ਲੋਕਾਂ ਬਾਰੇ ਰਾਸ਼ਟਰਪਤੀ ਨੂੰ ਸਲਾਹ ਦਿੰਦੀ ਹੈ। ਇਸ ਕਮੇਟੀ 'ਚ ਉਦਯੋਗਿਕ, ਕਾਰੋਬਾਰ, ਸਿਹਤ ਸੇਵਾ, ਯੂਨੀਵਰਸਿਟੀ, ਗੈਰ ਲਾਭ ਵਾਲੇ ਸੰਗਠਨਾਂ ਅਤੇ ਸਰਕਾਰ ਵਿੱਚ ਕੰਮ ਕਰ ਰਹੇ ਲੋਕ ਹੁੰਦੇ ਹਨ। ਇਹ ਕਮੇਟੀ ਏਸ਼ੀਆ ਤੇ ਪ੍ਰਸ਼ਾਂਤ ਖੇਤਰ ਦੇ ਲੋਕਾਂ ਦੇ ਲਾਭ ਵਾਲੇ ਸਰਕਾਰੀ ਵਿਭਾਗਾਂ ਅਤੇ ਏਜੰਸੀਆਂ ਦੇ ਨਾਲ ਮਿਲ ਕੇ ਕੰਮ ਵੀ ਕਰਦੀ ਹੈ।

# ਮੈਕਸੀਕੋ ਵਿਚ ਤੇਲ ਪਾਈਪ ਲਾਈਨ ਦੇ ਧਮਾਕੇ 'ਚ 66 ਮੌਤਾਂ

* ਤੇਲ ਚੋਰੀ ਕਰਦੇ ਸਮੇਂ ਹੋਇਆ ਹਾਦਸਾ, 76 ਜ਼ਖਮੀ



ਮੈਕਸੀਕੋ ਸਿਟੀ, 20 ਜਨਵਰੀ (ਪੋਸਟ ਬਿਊਰੋ)- ਮੱਧ ਮੈਕਸੀਕੋ ਦੇ ਹਿਲਾਲਗੋ ਸੂਬੇ ਵਿੱਚ ਤੇਲ ਪਾਈਪ ਲਾਈਨ ਵਿੱਚ ਹੋਏ ਭਿਆਨਕ ਧਮਾਕੇ ਵਿੱਚ ਘੱਟੋ ਘੱਟ 66 ਲੋਕਾਂ ਦੀ ਮੌਤ ਹੋ ਜਾਣ ਦੀ ਖਬਰ ਹੈ।

ਮਿਲੀ ਜਾਣਕਾਰੀ ਅਨੁਸਾਰ ਸ਼ੁੱਕਰਵਾਰ ਰਾਤ ਹੋਏ ਇਸ ਹਾਦਸੇ ਵਿੱਚ 76 ਲੋਕ ਬੁਰੀ ਤਰ੍ਹਾਂ ਜ਼ਖਮੀ ਵੀ ਹੋਏ ਸਨ। ਅੱਖੀਂ ਦੇਖਣ ਵਾਲਿਆਂ ਮੁਤਾਬਕ ਧਮਾਕਾ ਓਦੋਂ ਹੋਇਆ ਜਦੋਂ ਪਾਈਪ ਲਾਈਨ ਨੂੰ ਤੋੜਨ ਤੋਂ ਬਾਅਦ ਸਥਾਨਕ ਲੋਕ ਕੇਨ ਅਤੇ ਬਾਲਟੀਆਂ ਵਿੱਚ ਤੇਲ ਇਕੱਠਾ ਕਰ ਰਹੇ ਸਨ। ਫੋਰੈਂਸਿਕ ਮਾਹਿਰ ਘਟਨਾ ਵਾਲੀ ਥਾਂ ਪਹੁੰਚੇ ਤੇ ਲਾਸ਼ਾਂ ਦੇ ਵਿਚਕਾਰੋਂ ਨਮੂਨੇ ਇਕੱਠੇ ਕੀਤੇ। ਹਿਡਾਲਗੋ ਸੂਬੇ ਦੇ ਗਵਰਨਰ ਓਮਰ ਫਿਆਦ ਨੇ ਦੱਸਿਆ, 66 ਲੋਕਾਂ ਦੇ ਮਰਨ ਤੇ 76 ਦੇ ਜ਼ਖਮੀ ਹੋਣ ਦੀ ਸੂਚਨਾ ਮਿਲੀ ਹੈ। ਹਾਦਸੇ ਦੀ ਵੀਡੀਓ ਵਿੱਚ ਲੋਕ ਚੀਕ-ਚੀਕ ਕੇ ਮਦਦ ਮੰਗਦੇ ਪਏ ਹਨ।

ਮੈਕਸੀਕੋ ਸਿਟੀ ਤੋਂ 105 ਕਿਲੋਮੀਟਰ ਦੂਰ ਹਿਡਾਲਗੋ ਸੂਬੇ ਵਿੱਚ ਰਾਤ ਨੂੰ ਅੱਗ ਦੀਆਂ ਉੱਚੀਆਂ ਲਪਟਾਂ ਵੇਖੀਆਂ ਗਈਆਂ। ਪੀੜਤਾਂ ਨੂੰ ਬਚਾਉਣ ਲਈ ਐਂਬੂਲੈਂਸ ਅਤੇ ਡਾਕਟਰ ਭੇਜੇ ਗਏ ਅਤੇ ਅੱਗ 'ਤੇ ਕਾਬੂ ਪਾ ਲਿਆ ਗਿਆ। ਦੇਸ਼ ਦੇ ਰਾਸ਼ਟਰਪਤੀ ਐਂਡਰੇਸ ਮੈਨੂਅਲ ਲੋਪੇਜ ਓਬ੍ਰੇਡੋਰ ਨੇ ਦੇਰ ਰਾਤ ਘਟਨਾ ਸਥਾਨ ਦਾ ਦੌਰਾ ਕੀਤਾ ਤੇਂ ਪੀੜਤਾਂ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ। ਵਰਨਣ ਯੋਗ ਹੈ ਕਿ ਮੈਕਸੀਕੋ 'ਚ ਇਸ ਤਰ੍ਹਾਂ ਤੇਲ ਚੋਰੀ ਕਰਨ ਦੀਆਂ ਘਟਨਾਵਾਂ ਕਾਫੀ ਆਮ ਹਨ। ਪਿਛਲੇ ਸਾਲ ਇਸ ਕਾਰਨ ਦੇਸ਼ ਨੂੰ ਤਿੰਨ ਅਰਬ ਡਾਲਰ ਦਾ ਨੁਕਸਾਨ ਝੱਲਣਾ ਪਿਆ ਸੀ।

## ਪਾਕਿਸਤਾਨੀ ਅਦਾਲਤ ਨੇ 'ਪੰਜ ਤੀਰਥ' ਨੂੰ ਖਾਲੀ ਕਰਵਾਉਣ ਤੋਂ ਰੋਕ ਦਿੱਤਾ

ਪਿਸ਼ਾਵਰ, 18 ਜਨਵਰੀ, (ਪੋਸਟ ਬਿਊਰੋ)- ਪਾਕਿਸਤਾਨ ਦੀ ਪਿਸ਼ਾਵਰ ਹਾਈ ਕੋਰਟ ਨੇ ਖ਼ੈਬਰ ਪਖਤੂਨਖਵਾ ਰਾਜ ਵਿਚ ਪੁਰਾਤੱਤਵ ਸਰਵੇਖਣ ਵਿਭਾਗ ਨੂੰ ਕੌਮੀ ਵਿਰਾ-ਸਤ ਐਲਾਨੇ ਜਾ ਚੁੱਕੇ ਪ੍ਰਸਿੱਧ ਹਿੰਦੂ ਤੀਰਥ ਅਸਥਾਨ 'ਪੰਜ ਤੀਰਥ' ਨੂੰ ਖਾਲੀ ਕਰਾਉਣ ਤੋਂ ਰੋਕ ਦਿੱਤਾ ਹੈ। ਇਸ ਤੋਂ ਪਹਿਲਾਂ ਪਿਸ਼ਾਵਰ ਦੇ ਇਵਾਕੁਈ ਪ੍ਰਾਪਰਟੀਜ਼ ਟਰੱਸਟ ਬੋਰਡ (ਈ ਪੀ ਟੀ ਬੀ) ਦੇ ਡਿਪਟੀ ਡਾਇਰੈਕਟਰ ਹੁਮਾਯੂੰ ਖ਼ਾਨ ਦੇ ਮੁਤਾਬਕ ਪੁਰਾਤੱਤਵ ਵਿਭਾਗ ਨੇ 'ਪੰਜ ਤੀਰਥ' ਖਾਲੀ ਕਰਨ ਲਈ ਕਿਹਾ ਸੀ। ਇਸ ਦੇਸ਼ ਵਿਚ ਹਿੰਦੂਆਂ ਤੇ ਸਿੱਖਾਂ ਦੇ ਤੀਰਥ ਅਸਥਾਨਾਂ ਦੀ ਸੰਭਾਲ ਕਰਨ ਵਾਲੀ ਈ ਪੀ ਟੀ ਬੀ ਵੱਲੋਂ ਇਸ ਨੋਟਿਸ ਨੂੰ ਚੁਣੌਤੀ ਦੇਣ ਪਿੱਛੋਂ ਹਾਈ ਕੋਰਟ ਨੇ ਇਸ ਹੁਕਮ ਉੱਤੇ ਰੋਕ ਦਾ ਆਦੇਸ਼ ਜਾਰੀ ਕੀਤਾ ਹੈ।

ਇਵਾਕੁਈ ਪ੍ਰਾਪਰਟੀਜ਼ ਟਰੱਸਟ ਬੋਰਡ (ਈ ਪੀ ਟੀ ਬੀ) ਦੇ ਡਿਪਟੀ ਡਾਇਰੈਕਟਰ ਹੁਮਾਯੂੰ ਖ਼ਾਨ ਮੁਤਾ-ਬਕ ਕੌਮੀ ਵਿਰਾਸਤ ਐਲਾਨਿਆ ਜਾ ਚੁੱਕਾ 'ਪੰਜ ਤੀਰਥ' ਇਸ ਵੇਲੇ ਈ ਪੀ ਟੀ ਬੀ ਦੀ ਸੰਪਤੀ ਹੈ, ਜਿਸ ਦਾ ਨਾਂ ਪੰਜ ਸਰੋਵਰਾਂ ਦੇ ਕਾਰਨ ਪਿਆ ਹੈ। ਇਥੇ ਇਕ ਮੰਦਰ ਤੇ ਖਜੂਰ ਦੇ ਰੁੱਖਾਂ ਦਾ ਬਾਗ ਹੈ ਅਤੇ ਮਾਨਤਾ ਹੈ ਕਿ ਮਹਾਭਾਰਤ ਵੇਲੇ ਰਾਜਾ ਪਾਂਡਵ ਇਥੋਂ ਦੇ ਸਨ। ਕੱਤਕ ਮਹੀਨੇ ਵਿਚ ਹਿੰਦੂ ਏਥੇ ਆ ਕੇ ਸਰੋਵਰ ਵਿਚ ਇਸ਼ਨਾਨ ਕਰਦੇ ਤੇ ਰੁੱਖਾਂ ਦੇ ਹੇਠਾਂ ਬੈਠ ਕੇ ਦੋ ਦਿਨ ਪੂਜਾ-ਅਰਚਨਾ ਕਰਦੇ ਸਨ। ਸਾਲ 1747 ਵਿਚ ਅਫ਼ਗਾਨ ਧਾੜਵੀ ਅਹਿਮਦ ਸ਼ਾਹ ਦੁੱਰਾਨੀ ਦੇ ਰਾਜ ਵੇਲੇ ਇਸ ਧਾਰਮਿਕ ਅਸਥਾਨ ਨੂੰ ਨਸ਼ਟ ਕਰ ਦਿੱਤਾ ਗਿਆ ਸੀ, ਪਰ 1834 ਵਿਚ ਸਿੱਖ ਰਾਜ ਵੇਲੇ ਇਥੇ ਰਹਿੰਦੇ ਸਥਾਨਕ ਹਿੰਦੂਆਂ ਨੇ ਇਸ ਦੀ ਮੁੜ ਉਸਾਰੀ ਕਰਵਾਈ ਅਤੇ ਫਿਰ ਪੂਜਾ-ਅਰਚਨਾ ਸ਼ੁਰੂ ਕੀਤੀ ਸੀ।

# ਪਾਕਿਸਤਾਨ ਵਿੱਚ ਅੱਤਵਾਦੀ ਵਿਰੋਧੀ ਸੈਲ ਦੀ ਚਲਾਈ ਗੋਲੀ ਨਾਲ ਚਾਰ ਮੌਤਾਂ



ਲਾਹੌਰ, 20 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਹੀਵਾਲ ਵਿਚ ਪੰਜਾਬ ਕਾਊਂਟਰ ਟੈਰੇਰਿਜ਼ਮ ਡਿਪਾਰਟਮੈਂਟ (ਸੀ ਟੀ ਡੀ) ਅਤੇ ਅੱਤਵਾਦੀਆਂ ਵਿਚਕਾਰ ਮੁਕਾਬਲੇ ਵਿਚ ਇਕ ਬੱਚੀ ਸਮੇਤ ਚਾਰ ਲੋਕਾਂ ਦੀ ਮੌਤ ਹੋ ਗਈ ਹੈ। ਮ੍ਰਿਤਕਾਂ ਵਿਚ ਤਿੰਨ ਇਕੋ ਘਰ ਦੇ ਲੋਕ ਸਨ। ਇਨ੍ਹਾਂ ਦੀ ਪਛਾਣ 42 ਸਾਲਾ ਮੁਹੰਮਦ ਖਲੀਲ, ਉਸ ਦੀ ਪਤਨੀ 38 ਸਾਲਾ ਨਬੀਲਾ, 13 ਸਾਲਾ ਬੱਚੀ ਅਰੀਬਾ ਅਤੇ ਖਲੀਲ ਦੇ ਦੋਸਤ ਜ਼ੀਸ਼ਾਨ ਜਾਵੇਦ ਦੇ ਰੂਪ ਵਿਚ ਹੋਈ ਹੈ। ਇਸ ਵਾਰਦਾਤ ਪਿੱਛੋਂ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਕੇਂਦਰ ਸਰਕਾਰ 'ਤੇ ਸਵਾਲ ਉੱਠਣ ਲੱਗੇ ਹਨ।

ਜਾਣੇ ਪਛਾਣੇ ਪੱਤਰਕਾਰ ਨਾਇਲਾ ਇਨਾਇਤ ਨੇ ਟਵੀਟ ਕਰ ਕੇ 'ਨਵਾਂ ਪਾਕਿਸਤਾਨ' ਨੂੰ ਸ਼ਰਮਨਾਕ ਦੱਸਦੇ ਹੋਏ ਉਨ੍ਹਾਂ ਬੱਚਿਆਂ ਦਾ ਵੀਡੀਓ ਸ਼ੇਅਰ ਕੀਤਾ ਹੈ, ਜਿਨ੍ਹਾਂ ਦੇ ਮਾਤਾ-ਪਿਤਾ ਸ਼ੱਕੀ ਅੱਤਵਾਦੀਆਂ ਤੇ ਸੁਰੱਖਿਆ ਕਰਮਚਾਰੀਆਂ ਦੇ ਮੁਕਾਬਲੇ ਵਿਚ ਮਾਰੇ ਗਏ ਹਨ। ਪੱਤਰਕਾਰ ਨੇ ਟਵੀਟ ਵਿਚ ਲਿਖਿਆ, 'ਸਰਕਾਰ ਦੇ ਇਸ ਨਵੇਂ ਪਾਕਿਸਤਾਨ ਵਿਚ ਜੋ ਹੋ ਰਿਹਾ ਹੈ, ਉਹ ਸ਼ਰਮਨਾਕ ਹੈ।' ਸੀ ਟੀ ਡੀ ਵਿਭਾਗ ਨੇ ਸਾਹੀਵਾਲ ਵਿਚ ਇਕ ਕਾਰ 'ਤੇ ਗੋਲੀ ਚਲਾਈ ਤਾਂ ਇਕ ਪਿਤਾ, ਮਾਂ ਅਤੇ ਇਕ ਛੋਟੀ ਬੱਚੀ ਦੀ ਜਾਨ ਗਈ। ਇਸ ਦੌਰਾਨ ਵਿਚ ਇਕ ਬੱਚਾ ਵੀ ਜ਼ਖਮੀ ਹੋ ਗਿਆ।

ਪੱਤਰਕਾਰ ਨੇ ਵੀਡੀਓ ਸ਼ੇਅਰ ਕਰਦਿਆਂ ਟਵੀਟ ਵਿਚ ਲਿਖਿਆ, 'ਇਹ ਬੱਚੇ ਆਪਣੇ ਮਾਤਾ-ਪਿਤਾ ਦੇ ਮਾਰੇ ਜਾਣ ਦਾ ਡਰ ਦੱਸ ਰਹੇ ਹਨ। ਸੀ ਟੀ ਡੀ ਦਾ ਦਾਅਵਾ ਹੈ ਕਿ ਇਹ ਅਗਵਾ ਕਰਤਾ ਸਨ।' ਵੀਡੀਓ ਵਿਚ ਬੱਚੇ ਕਹਿ ਰਹੇ ਹਨ ਕਿ ਉਹ ਆਪਣੇ ਚਾਚੇ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਪਿੰਡ ਚੱਲੇ ਸਨ। ਗੱਡੀ ਵਿਚ ਮਾਂ ਨਬੀਲਾ, ਤਿੰਨ ਬੱਚੇ, ਪਿਤਾ ਖਲੀਲ ਤੇ ਉਨ੍ਹਾਂ ਦਾ ਦੋਸਤ ਮੌਲਵੀ ਸੀ। ਇਕ ਬੱਚੇ ਨੇ ਦੱਸਿਆ, 'ਗੋਲੀਬਾਰੀ ਵਿਚ ਜਿਨ੍ਹਾਂ ਦੀ ਮੌਤ ਹੋਈ, ਉਨ੍ਹਾਂ ਨੂੰ ਗੱਡੀ ਵਿਚ ਪਾ ਕੇ ਨਾਲ ਲੈ ਗਏ। ਬਾਅਦ ਵਿਚ ਸਾਨੂੰ ਵੀ ਚੁੱਕ ਲਿਆ ਅਤੇ ਪੈਟਰੋਲ ਪੰਪ ਉੱਤੇ ਛੱਡ ਕੇ ਚਲੇ ਗਏ।'


Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000 off with this flyer on New Basement
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

Honesty, Reliability, Commitment
HIRA RANDHWA
Broker
Dir:416.319.0551 Off:905.913.8585
- 1 yr Home Warranty
- 40% Discount on Brand Name Appliances & Furniture
- Free Evaluation & Lowest Commission

OPEN HOUSE UNTIL SOLD
Silvercity
www.HiraRandhawa.com hirarandhawa@yahoo.ca

| Brampton $579,900 | Malton $589,900 | Malton $599,000 | Brampton $729,000 |
|---|---|---|---|
| Hwy 10/Wlm Pkwy | Airport Rd/Steeles | Airport Rd/ Morning Star Dr | KingKnoll And Mclaughlin |
| 3 Bedroom, 3W/R, 1Bedroom Basement Detached, Freshly Painted, Modern Kitchen, Granite Counter Tops And Walk Out To Large Private Yard Perfect For Pvt. BBQ's | 3 Bedroom, Semi-Detached, 3 Full Washrooms, Newly Painted, New Concrete Patio for summer BBQ, Newly Renovated 1 Bed Room Basmt. With Separate-Entrance | 4BR, 3WR, Large Lot, 3 Separate Apartments, Fully Renovated, 1BR Basmt.with Sep. Ent., Excellent For Investment Or Personal use, walk to Stores, Transportation, Sikh Temple | 4Bed Rooms, 4Wash Rooms,2 Bed Room Basement, Close to Schools Sheridan College, Parks Shoppers World,Liabrary, Parks, Sikh Temple |

Call For:
RESP, SUPER -VISA,& TRAVEL
Insurance
H.Randhawa
416-319-0551

BEST TRUCK REPAIR & TIRE CENTRE
MICHELIN · Hankook · Continental · ROADLUX · BFGoodrich · AEOLUS
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਕੈਪਟਨ ਅਮਰਿੰਦਰ ਦੀ ਮੀਟਿੰਗ ਵਿਚ ਵਿਧਾਇਕ ਕੁਲਬੀਰ ਜ਼ੀਰਾ ਨੂੰ ਨਹੀਂ ਵੜਨ ਦਿੱਤਾ ਗਿਆ




ਚੰਡੀਗੜ੍ਹ, 20 ਜਨਵਰੀ, (ਪੋਸਟ ਬਿਊਰੋ)- ਨਸ਼ਿਆਂ ਦੇ ਮੁੱਦਾ ਚੁੱਕ ਕੇ ਜਨਤਕ ਸਮਾਗਮ ਵਿੱਚ ਆਪਣੀ ਹੀ ਸਰਕਾਰ ਦੇ ਖਿਲਾਫ ਝੰਡਾ ਚੁੱਕਣ ਵਾਲੇ ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਦੀਆਂ ਮੁਸ਼ਕਲਾਂ ਜਾਰੀ ਹਨ।

ਅੱਜ ਸ਼ਨੀਵਾਰ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਚੰਡੀਗੜ੍ਹ ਵਿਖੇ ਮਾਲਵਾ ਜ਼ੋਨ ਦੇ ਵਿਧਾਇਕਾਂ ਤੇ ਹਲਕਾ ਇੰਚਾਰਜਾਂ ਦੀ ਮੀਟਿੰਗ ਵਿਚ ਬਾਕੀਆਂ ਤੋਂ ਇਲਾਵਾ ਕੁਲਬੀਰ ਸਿੰਘ ਜ਼ੀਰਾ ਵੀ ਪਹੁੰਚੇ ਸਨ, ਪਰ ਉਨ੍ਹਾਂ ਨੂੰ ਅੰਦਰ ਨਹੀਂ ਵੜਨ ਗਿਆ। ਇਸ ਤੋਂ ਇੱਕ ਦਿਨ ਪਹਿਲਾਂ ਕੁਲਬੀਰ ਸਿੰਘ ਜ਼ੀਰਾ ਪੰਜਾਬ ਭਵਨ ਵਿਚ ਹੋਈ ਬੈਠਕ ਤੋਂ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਆਸ਼ਾ ਕੁਮਾਰੀ ਨੂੰ ਮਿਲੇ ਸਨ ਅਤੇ ਉਨ੍ਹਾਂ ਦੀ ਬਹਾਲੀ ਦੀਆਂ ਖਬਰਾਂ ਮੀਡੀਆ 'ਚ ਆਈਆਂ ਸਨ, ਇਸ ਦੇ ਬਾਵਜੂਦ ਜ਼ੀਰਾ ਨੂੰ ਮੀਟਿੰਗ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਕਾਂਗਰਸ ਦੇ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਪੰਚਾਂ-ਸਰਪੰਚਾਂ ਦੇ ਸਹੁੰ ਚੁੱਕ ਸਮਾਗਮ ਵਿੱਚੋਂ ਵਾਕਆਊਟ ਕੀਤਾ ਅਤੇ ਇਸ ਤੋਂ ਪਹਿਲਾਂ ਸਟੇਜ ਤੋਂ ਪੁਲਸ ਅਫਸਰ ਉੱਤੇ ਨਸ਼ਾ ਤਸਕਰਾਂ ਨੂੰ ਸ਼ਹਿ ਦੇਣ ਦੇ ਦੋਸ਼ ਲਾਏ ਸਨ। ਇਸ ਪਿੱਛੋਂ ਉਸ ਨੂੰ ਪਾਰਟੀ ਨੇ ਸਸਪੈਂਡ ਕਰ ਦਿੱਤਾ ਸੀ। ਜਾਣਕਾਰਾਂ ਮੁਤਾਬਾਕ ਇਸ ਘਟਨਾਕ੍ਰਮ ਤੋਂ ਬਾਅਦ ਸ਼ਨੀਵਾਰ ਸ਼ਾਮ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕੁਲਬੀਰ ਜ਼ੀਰਾ ਦੀ ਬੈਠਕ ਹੋਈ ਹੈ, ਜਿਸ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਵੀ ਮੌਜੂਦ ਸਨ, ਪਰ ਹਾਲੇ ਵੀ ਜ਼ੀਰਾ ਨੂੰ ਬਹਾਲ ਨਹੀਂ ਕੀਤਾ ਗਿਆ।

# ਰਾਮ ਮੰਦਰ ਅਜੇ ਤੱਕ ਨਹੀਂ ਬਣਿਆ ਤਾਂ ਕੀ 2025 ਵਿੱਚ ਬਣੇਗਾ: ਭਈਆਜੀ ਜੋਸ਼ੀ




ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਆਰ ਐੱਸ ਐੱਸ ਦੇ ਸੀਨੀਅਰ ਆਗੂ ਭਈਆਜੀ ਜੋਸ਼ੀ ਨੇ ਕੁੰਭ ਮੇਲੇ ਦੇ ਦੌਰਾਨ ਕੀਤੇ ਗਏ ਇਕ ਪ੍ਰੋਗਰਾਮ ਵਿੱਚ ਨਰਿੰਦਰ ਮੋਦੀ ਸਰਕਾਰ 'ਤੇ ਸਿੱਧਾ ਵਿਅੰਗ ਕਰਦੇ ਹੋਏ ਕਿਹਾ ਕਿ ਰਾਮ ਮੰਦਰ ਅਜੇ ਨਹੀਂ ਬਣ ਸਕਿਆ ਤਾਂ ਕੀ ਇਹ 2025 ਵਿੱਚ ਬਣੇਗਾ।

ਭਈਆਜੀ ਜੋਸ਼ੀ ਨੇ ਕਿਹਾ ਕਿ ਅਯੁੱਧਿਆ ਵਿੱਚ ਸਾਲ 2025 ਵਿੱਚ ਜਜੋਂ ਰਾਮ ਮੰਦਰ ਬਣਨਾ ਸ਼ੁਰੂ ਹੋ ਜਾਏਗਾ ਤਾਂ ਦੇਸ਼ ਤੇਜ਼ੀ ਨਾਲ ਵਿਕਾਸ ਕਰਨ ਲੱਗੇਗਾ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਵਿਕਾਸ ਦੀ ਰਫਤਾਰ ਉਸੇ ਤਰ੍ਹਾਂ ਵਧੇਗੀ ਜਿਵੇਂ 1952 ਵਿੱਚ ਸੋਮਨਾਥ ਵਿੱਚ ਮੰਦਰ ਬਣਨ ਤੋਂ ਬਾਅਦ ਵਧੀ ਸੀ। ਅਯੁੱਧਿਆ ਦਾ ਮੰਦਰ ਬਣਨ ਪਿੱਛੋਂ ਦੇਸ਼ ਅਗਲੇ 150 ਸਾਲ ਤੱਕ ਦੇ ਲਈ ਪੂੰਜੀ ਪ੍ਰਾਪਤ ਕਰ ਲਏਗਾ।

ਆਪਣੇ ਇਸ ਭਾਸ਼ਣ ਲਈ ਬਾਅਦ ਵਿੱਚ ਸਫਾਈ ਦਿੰਦੇ ਹੋਏ ਭਈਆਜੀ ਜੋਸ਼ੀ ਨੇ ਕਿਹਾ ਕਿ ਸਾਡੀ ਇੱਛਾ ਹੈ ਕਿ ਮੰਦਰ ਉਸਾਰੀ ਦਾ ਕੰਮ 2025 ਤੱਕ ਪੂਰਾ ਹੋਣਾ ਚਾਹੀਦਾ ਹੈ। ਇਹ ਸਰਕਾਰ ਨੇ ਤੈਅ ਕਰਨਾ ਹੈ, ਪਰ ਸਾਲ 2025 ਤੋਂ ਮੰਦਰ ਉਸਾਰੀ ਸ਼ੁਰੂ ਕਰਨ ਦੀ ਗੱਲ ਨਹੀਂ, ਜੇ ਅੱਜ ਇਹ ਮੰਦਰ ਬਣਨਾ ਸ਼ੁਰੂ ਹੁੰਦਾ ਹੈ ਤਾਂ ਫਿਰ ਵੀ ਇਹ ਪੰਜ ਸਾਲਾਂ ਵਿੱਚ ਬਣੇਗਾ। ਉਨ੍ਹਾਂ ਕਿਹਾ ਕਿ ਰਾਮ ਮੰਦਰ ਦੇਸ਼ ਦੀ ਚੇਤਨਾ ਅਤੇ ਕਰੋੜਾਂ ਲੋਕਾਂ ਦੀ ਸ਼ਰਧਾ ਦਾ ਕੇਂਦਰ ਹੈ, ਵਿਸ਼ਵਾਸ ਦਾ ਕੇਂਦਰ ਹੈ। ਉਨ੍ਹਾਂ ਇਹ ਵੀ ਕਿਹਾ ਕਿ ਬਿਨਾਂ ਆਰਡੀਨੈਂਸ ਦੇ ਰਾਮ ਮੰਦਰ ਬਣਨਾ ਸੰਭਵ ਨਹੀਂ।

ਵਰਨਣ ਯੋਗ ਹੈ ਕਿ ਭਈਆਜੀ ਜੋਸ਼ੀ ਇਸ ਤੋਂ ਪਹਿਲਾਂ ਵੀ ਸਰਕਾਰ ਨਾਲ ਨਾਰਾਜ਼ਗੀ ਜ਼ਾਹਰ ਕਰ ਚੁੱਕੇ ਹਨ। ਨਵੇਂ ਸਾਲ ਮੌਕੇ 'ਤੇ ਦਿੱਤੀ ਇੰਟਰਵਿਊ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਮ ਮੰਦਰ ਮਾਮਲੇ ਵਿੱਚ ਆਰਡੀਨੈਂਸ ਨਾ ਲਿਆਉਣ ਦੇ ਬਿਆਨ ਉਤੇ ਭਈਆਜੀ ਜੋਸ਼ੀ ਨੇ ਕਿਹਾ ਸੀ ਕਿ ਆਰ ਐਸ ਐਸ ਆਪਣੇ ਰਵੱਈਏ 'ਤੇ ਬਜ਼ਿੱਦ ਹੈ ਕਿ ਅਯੁੱਧਿਆ ਵਿੱਚ ਮੰਦਰ ਬਣਾਉਣ ਲਈ ਕਾਨੂੰਨ ਪਾਸ ਕੀਤਾ ਜਾਏ।

## ਖੁਦਕੁਸ਼ੀ ਕਰਨ ਵਾਲਾ 'ਲੜਕਾ' ਪੋਸਟ ਮਾਰਟਮ ਦੇ ਦੌਰਾਨ ਕੁੜੀ ਨਿਕਲਿਆ



ਜ਼ੀਰਕਪੁਰ, 20 ਜਨਵਰੀ (ਪੋਸਟ ਬਿਊਰੋ)- ਚੰਡੀਗੜ੍ਹ-ਜ਼ੀਰਕਪੁਰ ਸੜਕ ਉੱਤੇ ਇੱਕ ਮੈਰਿਜ ਪੈਲੇਸ ਨੇੜੇ 22 ਸਾਲਾ ਚਪੜਾਸੀ ਨੇ ਪੈਲੇਸ ਦੇ ਸਟੋਰ ਵਿੱਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਸੀ। ਕੱਲ੍ਹ ਪੁਲਸ ਨੇ ਪੋਸਟਮਾਰਟਮ ਕਰਵ-ਾਇਆ ਗਿਆ ਤਾਂ ਮ੍ਰਿਤਕ ਨੌਜਵਾਨ ਲੜਕੀ ਨਿਕਲਿਆ। ਪੁਲਸ ਨੂੰ ਮੌਕੇ ਤੋਂ ਮ੍ਰਿਤਕ ਦੇ ਜੋ ਪਛਾਣ ਪੱਤਰ ਮਿਲੇ, ਉਸ ਵਿੱਚ ਵੀ ਉਸ ਦੇ ਲੜਕਾ ਹੋਣ ਦੀ ਪੁਸ਼ਟੀ ਹੁੰਦੀ ਹੈ। ਹੈਰਾਨੀ ਦੀ ਗੱਲ ਹੈ ਕਿ ਪੁਲਸ ਨੇ ਮ੍ਰਿਤਕ ਲੜਕੀ ਦੀ ਵੱਡੀ ਭੈਣ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕੀਤੀ ਹੈ, ਜਿਸ ਨੇ ਉਸ ਦੇ ਲੜਕਾ ਹੋਣ ਦਾ ਹੀ ਦਾਅਵਾ ਕੀਤਾ ਹੈ।

ਇਸ ਕੇਸ ਦੇ ਜਾਂਚ ਅਫਸਰ ਏ ਐੱਸ ਆਈ ਨਾਥੀ ਰਾਮ ਨੇ ਦੱਸਿਆ ਕਿ ਕਬੀਰ ਰਾਏ (22) ਪੁੱਤਰ ਜੈ ਬਹਾਦੁਰ ਰਾਏ ਵਾਸੀ ਵਿਕਾਸ ਨਗਰ ਮੌਲੀ ਜਾਗਰਾਂ ਚੰਡੀਗੜ੍ਹ-ਜ਼ੀਰਕਪੁਰ ਸੜਕ 'ਤੇ ਓਏਸਿਸ ਮੈਰਿਜ ਪੈਲੇਸ ਵਿੱਚ ਬੀਤੇ ਕਰੀਬ ਦੋ ਸਾਲ ਤੋਂ ਚਪੜਾਸੀ ਦਾ ਕੰਮ ਕਰਦਾ ਸੀ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਕਬੀਰ ਰਾਏ ਨੇ ਪੈਲੇਸ ਦੇ ਸਟੋਰ ਵਿੱਚ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਮੌਕੇ ਤੋਂ ਮਿਲੇ ਖੁਦਕੁਸ਼ੀ ਨੋਟ ਵਿੱਚ ਉਸ ਨੇ ਲਿਖਿਆ ਕਿ ਉਸ ਦੀ ਇੱਕ ਲੜਕੀ ਦੋਸਤ ਦਿੱਲੀ ਵਿਖੇ ਰਹਿੰਦੀ ਸੀ, ਜਿਸ ਨੇ ਕਰੀਬ 20 ਦਿਨ ਪਹਿਲਾਂ ਕਿਸੇ ਕਾਰਨ ਖੁਦਕੁਸ਼ੀ ਕੀਤੀ ਸੀ। ਉਸ ਨੇ ਦੱਸਿਆ ਕਿ ਦੋਸਤ ਵੱਲੋਂ ਖੁਦਕੁਸ਼ੀ ਕਰਨ ਨਾਲ ਉਹ ਸਦਮੇ ਵਿੱਚ ਸੀ, ਜਿਸ ਕਾਰਨ ਉਸ ਨੇ ਖੁਦਕੁਸ਼ੀ ਕੀਤੀ ਹੈ। ਜਾਂਚ ਅਫਸਰ ਨੇ ਦੱਸਿਆ ਕਿ ਮੌਕੇ 'ਤੇ ਮ੍ਰਿਤਕ ਦੇ ਜੋ ਵੀ ਦਸਤਾਵੇਜ਼ ਬਰਾਮਦ ਹੋਏ, ਉਸ ਵਿੱਚ ਉਸ ਦੀ ਪਛਾਣ ਕਬੀਰ ਰਾਏ ਪੁੱਤਰ ਜੈ ਬਹਾਦਰ ਵਜੋਂ ਹੋਈ ਸੀ, ਪਰ ਡਾਕਟਰਾਂ ਦੀ ਟੀਮ ਵੱਲੋਂ ਉਸ ਦਾ ਪੋਸਟਮਾਰਟਮ ਸ਼ੁਰੂ ਕੀਤਾ ਤਾਂ ਉਸ ਦੇ ਲੜਕੀ ਹੋਣ ਦੀ ਪੁਸ਼ਟੀ ਹੋਈ ਹੈ। ਪੁਲਸ ਅਨੁਸਾਰ ਪੋਸਟਮਾਰਟਮ ਤੋਂ ਪਹਿਲਾਂ ਉਨ੍ਹਾਂ ਨੇ ਮ੍ਰਿਤਕ ਦੀ ਵੱਡੀ ਭੈਣ ਤੋਂ ਉਸ ਦੀ ਸ਼ਨਾਖਤ ਕਰਾਉਣ ਪਿੱਛੋਂ ਉਸ ਦੇ ਬਿਆਨਾਂ ਉੱਤੇ ਧਾਰਾ 174 ਦੀ ਕਾਰਵਾਈ ਕੀਤੀ ਸੀ। ਮ੍ਰਿਤਕ ਦੀ ਭੈਣ ਨਿਰਮਲਾ ਰਾਏ ਅਨੁਸਾਰ ਉਹ ਲੜਕਾ ਸੀ ਅਤੇ ਆਮ ਲੋਕਾਂ ਨਾਲ ਲੜਕਿਆਂ ਵਾਂਗ ਪੇਸ਼ ਆਉਂਦਾ ਸੀ, ਪਰ ਬੀਤੇ ਲੰਬੇ ਸਮੇਂ ਤੋਂ ਘਰ ਤੋਂ ਬਾਹਰ ਰਹਿੰਦਾ ਸੀ, ਜਿਸ ਕਾਰਨ ਹੋ ਸਕਦਾ ਹੈ ਕਿ ਉਸ ਨੇ ਲਿੰਗ ਬਦਲਵਾ ਲਿਆ ਹੋਵੇ।

# ਵਿਆਹੁਤਾ ਨੇ ਟਰੇਨ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕੀਤੀ

ਜਲੰਧਰ, 20 ਜਨਵਰੀ (ਪੋਸਟ ਬਿਊਰੋ)- ਜਲੰਧਰ-ਫਿਰੋਜ਼ਪੁਰ ਰੇਲ ਰੂਟ ਉੱਤੇ ਡੀ ਏ ਵੀ ਕਾਲਜ ਅਤੇ ਨਵੀਂ ਸਬਜ਼ੀ ਮੰਡੀ ਮਕਸੂਦਾਂ ਨੇੜੇ ਸ਼ੀਤਲ ਨਗਰ ਲਾਗੇ ਭੇਤਭਰੇ ਹਾਲਾਤ 'ਚ ਵਿਆਹੁਤਾ ਨੇ ਮਾਲ ਗੱਡੀ ਹੇਠ ਆਣ ਕੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ, ਜੋ ਗੰਭੀਰ ਜ਼ਖਮੀ ਹੋ ਗਈ। ਲੋਕਾਂ ਨੇ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਵਿਖੇ ਦਾਖਲ ਕਰਾਇਆ ਅਤੇ ਦੱਸਿਆ ਕਿ ਔਰਤ ਸਵੇਰ ਤੋਂ ਰੇਲ ਲਾਈਨਾਂ ਦੇ ਨੇੜੇ ਘੁੰਮ ਰਹੀ ਸੀ। ਜਦੋਂ ਫਿਰੋਜ਼ਪੁਰ ਵੱਲੋਂ ਜਲੰਧਰ ਆ ਰਹੀ ਮਾਲ ਗੱਡੀ ਆਈ ਤਾਂ ਔਰਤ ਨੇ ਰੇਲਗੱਡੀ ਅੱਗੇ ਛਾਲ ਮਾਰ ਦਿੱਤੀ। ਲਹੂ-ਲੁਹਾਨ ਨੂੰ ਲੋਕਾਂ ਨੇ ਐਂਬੂਲੈਂਸ ਦੀ ਸਹਾਇਤਾ ਨਾਲ ਸਿਵਲ ਹਸਪਤਾਲ 'ਚ ਦਾਖਲ ਕਰਾਇਆ।

ਪਤਾ ਲੱਗਾ ਹੈ ਕਿ ਰੇਲਗੱਡੀ ਦਾ ਤਕਰੀਬਨ ਅੱਧਾ ਹਿੱਸਾ ਔਰਤ ਉਤੋਂ ਲੰਘ ਗਿਆ ਤੇ ਲੋਕਾਂ ਵੱਲੋਂ ਰੌਲਾ ਪਾਏ ਜਾਣ 'ਤੇ ਡਰਾਈਵਰ ਨੇ ਟਰੇਨ ਰੋਕੀ। ਤਕਰੀਬਨ ਅੱਧੇ ਘੰਟੇ ਤੱਕ ਰੇਲਵੇ ਪੁਲਸ ਦੀ ਉਡੀਕ ਕਰਨ ਤੋਂ ਬਾਅਦ ਉਨ੍ਹਾਂ ਨੇ ਜ਼ਖਮੀ ਨੂੰ ਸਿਵਲ ਹਸਪਤਾਲ ਵਿਖੇ ਭੇਜਿਆ, ਜਿਸ ਦੀ ਇਲਾਜ ਮੌਕੇ ਮੌਤ ਹੋ ਗਈ। ਮ੍ਰਿਤਕ ਔਰਤ ਦੀ ਪਛਾਣ ਈਸ਼ਾ ਸਚਦੇਵਾ ਪਤਨੀ ਤਰੁਣ ਪੁਰੀ ਵਾਸੀ ਨਿਊ ਸ਼ੀਤਲ ਨਗਰ ਵਜੋਂ ਹੋਈ ਹੈ। ਉਸ ਦਾ ਕਰੀਬ ਇੱਕ ਸਾਲ ਪਹਿਲਾਂ ਹੀ ਵਿਆਹ ਹੋਇਆ ਦੱਸਿਆ ਗਿਆ ਹੈ, ਜੋ ਲੱਧੇਵਾਲੀ ਯੂਨੀਵਰਸਿਟੀ ਵਿਖੇ ਐੱਮ ਡੀ ਭਾਗ-2 ਦੀ ਵਿਦਿਆਰਥਣ ਸੀ। ਦਿਲਕੁਸ਼ਾ ਮਾਰਕੀਟ ਵਿੱਚ ਚਾਹ ਦਾ ਕੰਮ ਕਰ ਰਹੇ ਈਸ਼ਾ ਸਚਦੇਵਾ ਦੇ ਪਿਤਾ ਨੇ ਦੋਸ਼ ਲਾਇਆ ਕਿ ਵਿਆਹ ਸਮੇਂ ਉਨ੍ਹਾਂ ਨੇ ਕੋਈ ਕਸਰ ਨਹੀਂ ਛੱਡੀ, ਪਰ ਈਸ਼ਾ ਦਾ ਸਹੁਰਾ ਪਰਵਾਰ ਉਸ ਨੂੰ ਪ੍ਰੇਸ਼ਾਨ ਕਰਦਾ ਰਹਿੰਦਾ ਸੀ।

# ਟਰੰਪ ਨੇ ਅਮਰੀਕੀਆਂ ਤੋਂ 'ਲਾਲ ਇੱਟਾਂ' ਲੈਣ ਲਈ ਡੋਨੇਸ਼ਨ ਮੰਗ ਲਈ



ਵਾਸ਼ਿੰਗਟਨ, 20 ਜਨਵਰੀ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਵਾਲੇ ਅਹੁਦੇ ਉੱਤੇ 2020 ਵਿੱਚ ਦੁਬਾਰਾ ਚੁਣੇ ਜਾਣ ਲਈ ਡੋਨਾਲਡ ਟਰੰਪ ਨੇ ਆਪਣੀ ਪ੍ਰਚਾਰ ਮੁਹਿੰਮ ਵਿੱਚ ਚੰਦਾ ਇਕੱਠਾ ਕਰਨ ਦੀ ਸ਼ੁਰੂਆਤ ਵੱਖਰੇ ਢੰਗ ਨਾਲ ਕੀਤੀ ਹੈ। ਉਨ੍ਹਾਂ ਨੇ ਆਪਣੇ ਸਮਰਥਕਾਂ ਨੂੰ ਕਿਹਾ ਕਿ ਉਹ ਅਮਰੀਕੀ ਪਾਰਲੀਮੈਂਟ ਦੇ ਹੇਠਲੇ ਸਦਨ ਦੀ ਸਪੀਕਰ ਨੈਂਸੀ ਪੋਲੋਸੀ ਜਾਂ ਉੱਪਰਲੇ ਹਾਊਸ ਸੈਨੇਟ 'ਚ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਨੂੰ ਨਕਲੀ ਲਾਲ ਇੱਟ ਭੇਜਣ ਦੇ ਲਈ 20-20 ਡਾਲਰ ਦਾ ਦਾਨ ਓਦੋਂ ਤੱਕ ਦੇਣ, ਜਦੋਂ ਤੱਕ ਕਿ ਡੈਮੋਕ੍ਰੇਟਿਕ ਪਾਰਟੀ ਦੇ ਲੀਡਰ ਅਮਰੀਕਾ-ਮੈਕਸੀਕੋ ਸਰਹੱਦ 'ਤੇ ਕੰਧ ਬਣਾਉਣ ਲਈ ਰਕਮ ਪਾਸ ਕਰਨ ਨੂੰ ਤਿਆਰ ਨਹੀਂ ਹੋ ਜਾਂਦੇ।

ਰਾਸ਼ਟਰਪਤੀ ਟਰੰਪ ਨੇ ਦੁਬਾਰਾ ਚੋਣ ਦੀ ਮੁਹਿੰਮ ਹੇਠ ਸ਼ੁੱਕਰਵਾਰ ਨੂੰ ਇਕ ਈਮੇਲ ਭੇਜ ਕੇ 20-20 ਡਾਲਰ ਦੇਣ ਦੀ ਮੰਗ ਕੀਤੀ ਤੇ ਪ੍ਰਧਾਨ ਪੇਲੋਸੀ ਜਾਂ ਸ਼ੂਮਰ ਨੂੰ ਨਕਲੀ ਇੱਟ ਭੇਜਣ ਨੂੰ ਕਿਹਾ, ਜਿਹੜੇ ਮੈਕਸੀਕੋ ਬਾਰਡਰ ਉੱਤੇ ਕੰਧ ਬਣਾਉਣ ਦਾ ਵਿਰੋਧ ਕਰਦੇ ਹਨ। ਟਰੰਪ ਨੇ ਕਿਹਾ ਕਿ ਇਨ੍ਹਾਂ ਇੱਟਾਂ ਉੱਤੇ ਇਸ ਸਰਹੱਦੀ ਕੰਧ ਦੀ ਲੋੜ ਦੇ ਨਾਲ ਮਿਲਦੇ ਤੱਥ ਛਾਪੇ ਜਾਣਗੇ। ਵਰਨਣ ਯੋਗ ਹੈ ਕਿ ਨਵੀਂ ਚੰਦਾ ਮੁਹਿੰਮ ਓਦੋਂ ਸ਼ੁਰੂ ਹੋਈ ਹੈ, ਜਦੋਂ ਰਾਸ਼ਟਰਪਤੀ ਤੇ ਡੈਮੋਕ੍ਰੇਟਿਕਸ ਦੇ ਵਿਚਾਲੇ ਸਰਕਾਰੀ ਕੰਮ ਬਹਾਲ ਕਰਨ ਬਾਰੇ ਗੱਲਬਾਤ ਦੁਬਾਰਾ ਸ਼ੁਰੂ ਹੋਣ ਦੀ ਆਸ ਹੈ।

ਇਸ ਦੌਰਾਨ ਮੱਧ ਅਮਰੀਕਾ ਵਿੱਚ ਰਹਿੰਦੇ ਸੈਂਕੜੇ ਲੋਕਾਂ ਦਾ ਕਾਫਲਾ ਨਾਜਾਇਜ਼ ਢੰਗ ਨਾਲ ਮੈਕਸੀਕੋ ਵਿਚ ਦਾਖਲ ਹੋ ਚੁੱਕਾ ਹੈ। ਉਹ ਮੈਕਸੀਕੋ-ਗਵਾਟੇਮਾਲਾ ਸਰਹੱਦ ਵੱਲੋਂ ਹੁੰਦੇ ਹੋਏ ਅਮਰੀਕਾ ਵਿਚ ਵੜਨ ਦੀ ਕੋਸ਼ਿਸ਼ ਕਰਨਗੇ। ਇੱਕ ਪੱਤਰਕਾਰ ਨੇ ਦੱਸਿਆ ਕਿ ਮੈਕਸੀਕੋ ਇਨ੍ਹਾਂ ਨੂੰ ਮਨੁੱਖੀ ਵੀਜ਼ਾ ਦੇਣ ਦੀ ਪੇਸ਼ਕਸ਼ ਕਰ ਰਿਹਾ ਹੈ, ਪਰ ਇਸ ਦੇ ਲਈ ਪੰਜ ਦਿਨ ਉਡੀਕ ਕਰਨ ਦੀ ਥਾਂ ਕਈ ਲੋਕ ਕੰਮ ਚਲਾਊ ਕਿਸ਼ਤੀਆਂ ਰਾਹੀਂ ਨਦੀ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਕਈ ਲੋਕ ਘੱਟ ਸੁਰੱਖਿਆ ਵਾਲੇ ਸਰਹੱਦੀ ਪੁਲ ਰਾਤ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਕਾਫਲਾ ਅੱਗੇ ਵਧਣ ਮੌਕੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੈਕਸੀਕੋ ਨੂੰ ਇਸ ਨੂੰ ਰੋਕਣ ਦੀ ਅਪੀਲ ਕਰਦੇ ਹੋਏ ਕੱਲ੍ਹ ਟਵੀਟ ਕੀਤਾ ਸੀ ਅਤੇ ਆਪਣੇ ਦੇਸ਼ ਦੇ ਲੋਕਾਂ ਨੂੰ ਕਿਹਾ ਸੀ ਕਿ ਇਕ ਵੱਡਾ ਕਾਫਲਾ ਸਾਡੇ ਵੱਲ ਵਧ ਰਿਹਾ ਹੈ, ਸਰਹੱਦ ਉੱਤੇ ਦੀਵਾਰ ਬਣਾਏ ਬਿਨਾਂ ਇਨ੍ਹਾਂ ਨੂੰ ਰੋਕਣਾ ਬਹੁਤ ਔਖਾ ਹੈ।

## ਆਜ਼ਾਦੀ ਦੀ ਮੰਗ ਲਈ ਸਿੰਧੀਆਂ ਵੱਲੋਂ ਪਾਕਿ ਫੌਜ ਤੇ ਸਰਕਾਰ ਦੇ ਵਿਰੁੱਧ ਨਾਅਰੇਬਾਜ਼ੀ

ਕਰਾਚੀ, 20 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਸਿੰਧ ਦੀ ਆਜ਼ਾਦੀ ਦੀ ਮੰਗ ਲਈ 'ਸਿੰਧ ਦੇਸ਼ ਅੰਦੋਲਨ' ਦੇ ਮੋਢੀ ਗੁਲਾਮ ਮੁਰਤਜ਼ਾ ਸੱਯਦ ਦੇ 115ਵੇਂ ਜਨਮ ਦਿਨ ਮੌਕੇ ਸਿੰਧ ਦੇ ਨਾਗਰਿਕਾਂ ਨੇ ਪਾਕਿਸਤਾਨ ਸਰਕਾਰ ਤੇ ਇਸ ਦੀ ਫੌਜ ਦੇ ਵਿਰੁੱਧ ਜ਼ੋਰਦਾਰ ਪ੍ਰਦਰਸ਼ਨ ਕੀਤਾ। ਇਨ੍ਹਾਂ ਪ੍ਰਦਰਸ਼ਨਕਾਰੀਆਂ ਨੇ ਸੜਕਾਂ ਉਤੇ ਟ੍ਰੈਫਿਕ ਰੋਕ ਕੇ 'ਪਾਕਿਸਤਾਨ ਸਰਕਾਰ ਮੁਰਦਾਬਾਦ' ਅਤੇ 'ਪਾਕਿਸਤਾਨੀ ਫੌਜ ਮੁਰਦਾ-ਬਾਦ' ਦੇ ਨਾਅਰੇ ਲਾਏ ਅਤੇ ਸੂਬਾ ਸਿੰਧ ਨੂੰ ਵੱਖਰਾ ਆਜ਼ਾਦ ਦੇਸ਼ ਐਲਾਨਣ ਦੀ ਮੰਗ ਕੀਤੀ। ਇਸ ਮੌਕੇ ਕੁਝ ਇਲਾਕਿਆਂ 'ਚ ਸਿੰਧੀ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ਨੂੰ ਪਾਕਿਸਤਾਨੀ ਫੌਜ ਦੇ ਜ਼ੁਲਮਾਂ ਤੋਂ ਮੁਕਤੀ ਦਿਵਾਉਣ ਲਈ ਭਾਰਤ ਸਰਕਾਰ ਪਾਸੋਂ ਸਹਿਯੋਗ ਦੀ ਵੀ ਮੰਗ ਕੀਤੀ।

Get the right INSURANCE for you!
AUTO | HOME | BUSINESS
Life Insurance, Critical Illness, Disability, Super Visa Insurance, Travel & Visitor Insurance, Investments
Damanjit S. Kainth (KD) 416.554.1869 damanjit@hotmail.com



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5'', ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ, ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਗਿੱਲ ਲੜਕਾ, ਉਮਰ 31 ਸਾਲ, ਕੱਦ 5'6'', ਪਿਛਲੇ 10 ਸਾਲਾਂ ਤੋਂ ਦੁਬਾਈ ਵਿੱਚ ਟੱਰਕ ਚਲਾ ਰਿਹ ਲੜਕੇ ਲਈ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 00918699923074 I 00971559436629(Whatsapp)

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ, ਉਮਰ 24 ਸਾਲ, ਕੱਦ 5'-7'', ਰੰਗ ਗੋਰਾ, B.sc Computer Science, 30 Acre ਜ਼ਮੀਨ, District ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

ਜੱਟ ਸਿੱਖ ਲੜਕਾ ਉਮਰ 31 ਸਾਲ, ਗੋਤ ਗਿੱਲ, ਲੰਬਾਈ 5 ਫੁੱਟ 6 ਇੰਚ, ਜੋ ਕਿ ਦੁਬਈ ਵਿਚ ਪਿਛਲੇ ਦਸ ਸਾਲਾਂ ਤੋ ਟਰੱਕ ਚਲਾ ਰਿਹਾ ਹੈ, ਲਈ ਲੜਕੀ ਦੀ ਲੋੜ ਹੈ। ਸੰਪਰਕ- ਮੋਬਾ:00918699923074, ਵਟਸਐਪ-00971559436629

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10'', Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ। ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 I 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9'', ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ, ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :
91-9888871813 I 306-612-4093
ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 29 ਸਾਲ, ਕੱਦ 5'-2'', M.A Med, ਕੈਨੇਡਾ ਨੈਨੀ ਬੇਸ ਤੇ ਆਈ ਹੋਈ ਲੜਕੀ ਲਈ ਲੜਕੇ ਦੀ ਲੋੜ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
416-879-0439 I 289-801-4533
ਜਾਂ ਇ ਮੇਲ ਕਰੋ: lakhwinderdhindsa@yahoo.com

Beautiful sikh Ramgarhia girl (M.Com) 40 years 5'3" working as HR Manager, belongs to educated family in Yamuna Nagar, seeks suitable match and well settled Sikh boy in Canada. Girl currently in Canada. Contact 437-992-5196 ramanpreet.saggu@yahoo.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990, ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ, ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4'', B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ।
ਸੰਪਰਕ ਕਰੋ: 647-616-4244, 647-328-1601 ਜਾਂ Whatsapp- 700-90-60-269

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

City Translogistics Co.
ਨੂੰ ਡਰਾਈਵਰਾਂ ਦੀ ਲੋੜ ਹੈ

— City ਲਈ $22/hour
— Single Driver 80 cents/mile
— Minimum 1 year Experience US/Canada
— USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ।
ਜਿਆਦਾ ਜਾਣਕਾਰੀ ਲਈ: 647-632-1742

ਨੈਨੀ ਦੀ ਲੋੜ ਹੈ!

Punjabi Speaking - Take Care of a 3Yr Old
Responsibilities Include Cleaning & Cooking
8hrs/day (Mon - Fri)
647.449.0033 | 416.823.2556

Wanted Office Clerk & Office Administrator
- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092
www.STARLANEPAINTING.com

ਨਹਿਰੂ ਯੂਨੀਵਰਸਿਟੀ ਮਾਮਲਾ :

# ਸਰਕਾਰੀ ਮਨਜ਼ੂਰੀ ਬਿਨਾਂ ਚਾਰਜਸ਼ੀਟ ਦਾਇਰ ਕਰਨ ਉਤੇ ਦਿੱਲੀ ਪੁਲਸ ਦੀ ਝਾੜਝੰਬ

ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਦਿਆਰਥੀ ਕੌਂਸਲ ਦੇ ਸਾਬਕਾ ਪ੍ਰਧਾਨ ਕਨ੍ਹਈਆ ਕੁਮਾਰ ਅਤੇ ਹੋਰਾਂ ਵਿਰੁੱਧ ਦਰਜ 2016 ਦੇ ਜੇ ਐੱਨ ਯੂ ਦੇਸ਼ ਧ੍ਰੋਹ ਕੇਸ ਵਿੱਚ ਸਮੁੱਚੀ ਮਨਜ਼ੂਰੀ ਲਏ ਬਗੈਰ ਚਾਰਜਸ਼ੀਟ ਦਾਇਰ ਕਰਨ ਬਾਰੇ ਦਿੱਲੀ ਦੀ ਇੱਕ ਅਦਾਲਤ ਨੇ ਕੱਲ੍ਹ ਦਿੱਲੀ ਪੁਲਸ ਤੋਂ ਸਵਾਲ ਕੀਤੇ।




ਮਿਲੀ ਜਾਣਕਾਰੀ ਅਨੁਸਾਰ ਮੈਟਰੋਪਾਲੀਟਨ ਮੈਜਿਸਟਰੇਟ ਦੀਪਕ ਸ਼ੇਰਾਵਤ ਨੇ ਦਿੱਲੀ ਪੁਲਸ ਨੂੰ ਸਾਰੀਆਂ ਸੰਬੰਧਤ ਮਨਜ਼ੂਰੀਆਂ ਲੈਣ ਲਈ ਛੇ ਫਰਵਰੀ ਤੱਕ ਸਮਾਂ ਦਿੱਤਾ ਹੈ। ਇਸ ਤੋਂ ਪਹਿਲਾਂ ਦਿੱਲੀ ਪੁਲਸ ਨੇ ਅਦਾਲਤ ਨੂੰ ਕਿਹਾ ਸੀ ਕਿ ਉਹ 10 ਦਿਨਾਂ ਵਿੱਚ ਮਨਜ਼ੂਰੀ ਲੈ ਲਵੇਗੀ। ਅਦਾਲਤ ਨੇ ਪਹਿਲਾਂ ਪੁੱਛਿਆ ਸੀ, "ਤੁਸੀਂ ਮਨਜ਼ੂਰੀ ਲਏ ਬਿਨਾਂ ਚਾਰਜਸ਼ੀਟ ਦਾਇਰ ਕਿਉਂ ਕੀਤੀ? ਕੀ ਤੁਹਾਡੇ ਕੋਲ ਕਾਨੂੰਨੀ ਵਿਭਾਗ ਨਹੀਂ ਹੈ?"

ਵਰਨ ਯੋਗ ਹੈ ਕਿ ਦਿੱਲੀ ਪੁਲਸ ਨੇ ਕਨ੍ਹਈਆ ਕੁਮਾਰ ਸਮੇਤ ਹੋਰਾਂ ਵਿਰੁੱਧ 14 ਜਨਵਰੀ ਨੂੰ ਚਾਰਜਸ਼ੀਟ ਦਾਇਰ ਕਰ ਕੇ ਕਿਹਾ ਸੀ ਕਿ ਉਹ ਇੱਕ ਜਲੂਸ ਦੀ ਅਗਵਾਈ ਕਰ ਰਹੇ ਸਨ ਅਤੇ ਫਰਵਰੀ 2016 'ਚ ਯੂਨੀਵਰਸਿਟੀ ਕੈਂਪਸ 'ਚ ਹੋਏ ਪ੍ਰੋਗਰਾਮ ਵਿੱਚ ਦੇਸ਼ ਵਿਰੋਧੀ ਨਾਅਰਿਆਂ ਦੀ ਹਮਾਇਤ ਕੀਤੀ ਸੀ। ਪੁਲਸ ਨੇ 9 ਫਰਵਰੀ 2016 ਨੂੰ ਹੋਏ ਇੱਕ ਪ੍ਰੋਗਰਾਮ ਦੌਰਾਨ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀਆਂ ਉਮਰ ਖਾਲੇਦ ਤੇ ਅਨਿਰਬਾਨ ਭੱਟਾਚਾਰੀਆ ਵਿਰੁੱਧ ਦੇਸ਼ ਵਿਰੋਧੀ ਨਾਅਰੇ ਲਾਉਣ ਦਾ ਵੀ ਦੋਸ਼ ਲਾਇਆ ਹੈ।

ਆਮ ਆਦਮੀ ਪਾਰਟੀ ਦੀ ਦਿੱਲੀ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਨਹਿਰੂ ਯੂਨੀਵਰਸਿਟੀ ਨਾਲ ਜੁੜੇ ਕਿਸੇ ਕੇਸ ਵਿੱਚ ਇਜਾਜ਼ਤ ਨਾਲ ਜੁੜੀ ਕਿਸੇ ਫਾਈਲ ਨੂੰ ਦਿੱਲੀ ਦੇ ਕਿਸੇ ਮੰਤਰੀ ਕੋਲ ਨਹੀਂ ਲਿਆਂਦਾ ਗਿਆ।ਦਿੱਲੀ ਪੁਲਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਚਾਰਜਸ਼ੀਟ ਦਾਇਰ ਕਰਨ ਵੇਲੇ ਜਾਂਚ ਅਧਿਕਾਰੀ ਨੇ ਦੱਸਿਆ ਸੀ ਕਿ ਉਨ੍ਹਾਂ ਨੇ ਦਿੱਲੀ ਸਰਕਾਰ ਕੋਲ ਇਜਾਜ਼ਤ ਲੈਣ ਲਈ ਅਰਜ਼ੀ ਦਿੱਤੀ ਹੈ।

## ਏ ਟੀ ਐੱਮ ਕਾਰਡ ਦੀ ਕਲੋਨਿੰਗ ਕਰ ਕੇ ਖਾਤੇ ਵਿੱਚੋਂ 4.33 ਲੱਖ ਉਡਾਏ

ਦੇਹਰਾਦੂਨ, 20 ਜਨਵਰੀ (ਪੋਸਟ ਬਿਊਰੋ)- ਪ੍ਰੇਮਨਗਰ ਦੇ ਇੱਕ ਬਜ਼ੁਰਗ ਪੈਨਸ਼ਨ ਧਾਰਕ ਦੇ ਖਾਤੇ ਵਿੱਚੋਂ ਏ ਟੀ ਐਮ ਕਾਰਡ ਦੀ ਕਲੋਨਿੰਗ ਨਾਲ 4.33 ਲੱਖ ਰੁਪਏ ਕੱਢ ਲਏ ਗਏ। ਇਹ ਰਕਮ ਦਿੱਲੀ ਤੇ ਬਿਹਾਰ ਦੇ ਵੱਖ-ਵੱਖ ਏ ਟੀ ਐੱਮ ਤੋਂ 26 ਨਵੰਬਰ 2018 ਤੋਂ 2 ਜਨਵਰੀ 2019 ਵਿਚਾਲੇ ਕਢਵਾਈ ਗਈ ਹੈ, ਪਰ ਐੱਸ ਐੱਮ ਐੱਸ ਅਲਰਟ ਨਾ ਹੋਣ ਕਾਰਨ ਪੀੜਤ ਨੂੰ ਇਸ ਦਾ ਪਤਾ ਨਹੀਂ ਚੱਲਿਆ। ਉਹ ਕੁਝ ਦਿਨ ਪਹਿਲਾਂ ਜਦੋਂ ਬੈਂਕ ਵਿੱਚ ਪਾਸਬੁੱਕ ਅਪਡੇਟ ਕਰਵਾਉਣ ਗਏ ਤਾਂ ਪਾਸਬੁੱਕ ਵਿੱਚ ਬੈਲੇਂਸ ਵੇਖ ਉਨ੍ਹਾਂ ਦੇ ਹੋਸ਼ ਉਡ ਗਏ।

ਪ੍ਰੇਮਨਗਰ ਪੁਲਸ ਨੇ ਇਸ ਮਾਮਲੇ ਵਿੱਚ ਮੁਕੱਦਮਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸਤੀਸ਼ ਚੰਦਰ ਵਾਸੀ ਗ੍ਰਾਮ ਫੁਲਸਨੀ ਪ੍ਰੇਮਨਗਰ (ਦੇਹਰਾਦੂਨ) ਜਲੰਧਰ ਦੇ ਸੈਂਟਰ ਸਕੂਲ ਵਿੱਚ ਨੌਕਰੀ ਕਰਦੇ ਸਨ। ਕੁਝ ਮਹੀਨੇ ਪਹਿਲਾਂ ਉਹ ਦੇਹਰਾਦੂਨ ਆ ਗਏ। ਉਨ੍ਹਾਂ ਬੈਂਕ ਖਾਤਾ ਦੇਹਰਾਦੂਨ ਟਰਾਂਸਫਰ ਕਰਨ ਦੀ ਅਰਜ਼ੀ ਦਿੱਤੀ ਸੀ। ਉਨ੍ਹਾਂ ਦਾ ਦਾਅਵਾ ਹੈ ਕਿ ਜਦੋਂ ਉਨ੍ਹਾਂ ਦਾ ਖਾਤਾ ਦੇਹਰਾਦੂਨ ਟਰਾਂਸਫਰ ਹੋਇਆ, ਉਸ ਵਿੱਚ ਸਾਢੇ ਚਾਰ ਲੱਖ ਰੁਪਏ ਸਨ, ਪਰ ਕੁਝ ਦਿਨ ਪਹਿਲਾਂ ਜਦੋਂ ਉਨ੍ਹਾਂ ਪਾਸਬੁੱਕ ਅਪਡੇਟ ਕਰਵਾਈ ਤਾਂ ਕਿਸੇ ਨੇ ਉਸ 'ਚੋਂ 4.33 ਲੱਖ ਰੁਪਏ ਕਢਵਾ ਲਏ ਸਨ। ਬੈਂਕ ਜਾ ਕੇ ਪਤਾ ਲੱਗਾ ਕਿ ਉਨ੍ਹਾਂ ਦੇ ਖਾਤੇ ਤੋਂ ਇਹ ਰਕਮ 26 ਨਵੰਬਰ ਤੋਂ ਦੋ ਜਨਵਰੀ ਵਿਚਾਲੇ ਕਢਵਾਈ ਗਈ ਹੈ, ਪਰ ਇਸ ਦੌਰਾਨ ਉਨ੍ਹਾਂ ਦੇ ਦੋਵੇਂ ਏ ਟੀ ਐੱਮ ਕਾਰਡ ਉਨ੍ਹਾਂ ਕੋਲ ਸਨ।

# ਆਪ ਦੇ ਪੰਡੋਰੀ ਦੇ ਗੰਨਮੈਨ ਦੀ ਧਮਕੀ ਵਾਲੀ ਵੀਡੀਓ ਵਾਇਰਲ

ਬਰਨਾਲਾ, 20 ਜਨਵਰੀ (ਪੋਸਟ ਬਿਊਰੋ)- ਮਹਿਲ ਕਲਾਂ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਪੰਡੋਰੀ ਦੇ ਇਸ਼ਾਰੇ ਉੱਤੇ ਉਸ ਦੇ ਪੀ ਏ ਨੇ ਵਰਕਰਾਂ ਨੂੰ ਜਿਹੜੀ ਪਰਚੇ ਕਰਵਾਉਣ ਦੀ ਧਮਕੀ ਦਿੱਤੀ, ਉਸ ਦੀ ਵੀਡੀਓ ਵਾਇਰਲ ਹੋ ਕੇ ਜੰਗਲ ਦੀ ਅੱਗ ਵਾਂਗ ਫੈਲ ਗਈ ਹੈ।

ਪਤਾ ਲੱਗਾ ਹੈ ਕਿ ਆਮ ਆਦਮੀ ਪਾਰਟੀ ਦੀ ਮਾਲਵਾ ਰੈਲੀ, ਜਿਹੜੀ ਬਰਨਾਲਾ ਵਿਖੇ ਹੋਣੀ ਸੀ ਅਤੇ ਉਸ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਪੁੱਜਣਾ ਸੀ, ਵਿੱਚ ਵਰਕਰਾਂ ਦਾ ਭਾਰੀ ਇਕੱਠ ਕਰਨ ਲਈ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਪਿੰਡ ਟੱਲੇਵਾਲ 'ਚ ਬਾਜੀਗਰ ਬਸਤੀ 'ਚ ਪੁੱਜੇ ਸਨ। ਓਦੋਂ ਅਮਨਦੀਪ ਧਾਲੀਵਾਲ ਨੇ ਆਪਣੇ ਫੇਸਬੁੱਕ ਪੇਜ਼ ਉੱਤੇ ਲਾਇਵ ਹੋ ਕੇ ਆਮ ਆਦਮੀ ਪਾਰਟੀ ਦੇ ਖਿਲਾਫ ਭੜਾਸ ਕੱਢੀ ਅਤੇ ਭਗਵੰਤ ਮਾਨ ਨੂੰ ਮੈਂਬਰ ਪਾਰਲੀਮੈਂਟ ਅਤੇ ਕੁਲਵੰਤ ਪੰਡੋਰੀ ਅਤੇ ਭਗਵੰਤ ਮਾਨ ਵੱਲੋਂ ਪੰਜ ਜਣਿਆਂ ਉੱਤੇ ਕਰਵਾਏ ਗਏ ਪਰਚੇ ਰੱਦ ਕਰਵਾਉਣ ਲਈ ਰੌਲਾ ਪਾਇਆ। ਕੁਲਵੰਤ ਪੰਡੋਰੀ ਦੇ ਗੰਨਮੈਨ ਨੇ ਉਸ ਉਤੇ ਹੋਰ ਪਰਚੇ ਕਰਨ ਦੀ ਅਜੇ ਧਮਕੀ ਦਿੱਤੀ ਹੀ ਸੀ ਕਿ ਬਸਤੀ ਦੇ ਲੋਕਾਂ ਦਾ ਇਕੱਠ ਕੁਲਵੰਤ ਪੰਡੋਰੀ ਦੇ ਖਿਲਾਫ ਹੋ ਕੇ ਅਮਨਦੀਪ ਦੇ ਹੱਕ ਵਿੱਚ ਕੁਲਵੰਤ ਸਿੰਘ ਪੰਡੋਰੀ ਨੂੰ ਖਰੀਆਂ ਸੁਣਾਉਣ ਲੱਗ ਪਿਆ। ਕੁਲਵੰਤ ਪੰਡੋਰੀ ਨੇ ਰੈਲੀ ਦਾ ਸੱਦਾ ਦੇਣ 'ਤੇ ਬੱਸਾਂ ਭੇਜਣ ਦੀ ਗੱਲ ਛੱਡੀ ਅਤੇ ਅੱਧਵਾਟੇ ਹੀ ਉਥੋਂ ਖਿਸਕ ਗਿਆ।

## ਮੋਦੀ ਸਰਕਾਰ ਨੇ ਕੈਨੇਡਾ ਦੇ ਖਾਲਿਸਤਾਨੀ ਲੋਕਾਂ ਨਾਲ ਗੱਲਬਾਤ ਦੀ ਕੋਸ਼ਿਸ਼ ਕੀਤੀ ਸੀ ਪਰ...

.ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਰਤ ਸਰਕਾਰ ਨੇ ਕੈਨੇਡਾ ਵਿੱਚ ਵਸਦੇ ਖਾਲਿਸਤਾਨੀ ਸਮਰਥਕਾਂ ਨਾਲ ਗੱਲਬਾਤ ਦੀ ਕੋਸ਼ਿਸ਼ ਕੀਤੀ ਸੀ, ਪਰ ਜਿਹੜਾ ਵਿਚੋਲਾ ਇੰਗਲੈਂਡ ਤੋਂ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਜਾਣਾ ਚਾਹੁੰਦਾ ਸੀ, ਕੈਨੇਡਾ ਸਰਕਾਰ ਨੇ ਉਸ ਦਾ ਵੀਜ਼ਾ ਮਨਜ਼ੂਰ ਨਹੀਂ ਕੀਤਾ। ਇਸ ਕਾਰਨ ਪਿਛਲੇ ਦੋ ਸਾਲਾਂ ਤੋਂ ਦੋਵੇਂ ਧਿਰਾਂ ਵਿਾਲੇ ਅਜਿਹੀ ਕੋਈ ਮੀਟਿੰਗ ਨਹੀਂ ਹੋ ਸਕੀ।

ਇਸ ਸਾਰੇ ਘਟਨਾਕ੍ਰਮੇ ਦੇ ਨਾਲ ਜੁੜੇ ਵਿਅਕਤੀਆਂ ਮੁਤਾਬਕ ਭਾਰਤ ਸਰਕਾਰ ਨੇ ਸਾਲ 2015 ਦੇ ਅੰਤ ਵਿੱਚ ਕੈਨੇਡਾ ਵਿਚਲੇ ਕੁਝ ਖਾਲਿਸਤਾਨੀ ਸਮਰਥਕਾਂ ਨਾਲ ਗੱਲਬਾਤ ਸ਼ੁਰੂ ਕਰਨ ਦੇ ਯਤਨ ਕੀਤੇ ਸਨ। ਇਹ ਸ਼ੁਰੂਆਤ ਉਦੋਂ ਹੋਈ ਸੀ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੰਡਨ ਗਏ ਤੇ ਉਥੇ ਹੋਰਨਾਂ ਤੋਂ ਬਿਨਾਂ 'ਸਿੱਖ ਹਿਊਮਨ ਰਾਈਟਸ ਗਰੁੱਪ' ਦੇ ਡਾਇਰੈਕਟਰ ਜਸਦੇਵ ਸਿੰਘ ਰਾਏ ਨੂੰ ਮਿਲੇ ਸਨ। ਉਨ੍ਹਾਂ ਨੂੰ ਖਾਲਿਸਤਾਨ ਹਮਾਇਤੀ ਕੁਝ ਸਿੱਖ ਗਰੁੱਪਾਂ ਨਾਲ ਸੰਪਰਕ ਕਾਇਮ ਕਰਨ ਲਈ ਚੁਣਿਆ ਗਿਆ ਸੀ। ਜਸਦੇਵ ਸਿੰਘ ਰਾਏ ਯੂ ਕੇ ਦੇ ਨਾਗਰਿਕ ਹਨ। ਉਹ ਕੁਝ ਸਾਬਕਾ ਖਾਲਿਸਤਾਨ ਪੱਖੀ ਲੋਕਾਂ ਨੂੰ ਮਿਲੇ ਸਨ, ਜਿਹੜੇ ਭਾਰਤ ਸਰਕਾਰ ਨਾਲ ਗੱਲਬਾਤ ਲਈ ਤਿਆਰ ਸਨ, ਪਰ ਸਾਲ 2016 ਦੇ ਅੰਤ ਵਿੱਚ ਕੈਨੇਡਾ ਸਰਕਾਰ ਨੇ ਰਾਏ ਦਾ ਵੀਜ਼ਾ ਮਨਜ਼ੂਰ ਕਰਨ ਤੋਂ ਨਾਂਹ ਕਰ ਦਿੱਤੀ ਸੀ। ਇਹ ਨਾਂਹ ਕੈਨੇਡਾ ਦੀ ਰਾਜਧਾਨੀ ਓਟਾਵਾ ਸਥਿਤ ਇਲੈਕਟ੍ਰਾਨਿਕ ਟ੍ਰੈਵਲ ਆਥੋਰਾਈਜ਼ੇਸ਼ਨ (ਈ ਟੀ ਏ) ਵੱਲੋਂ ਇਸ ਲਈ ਹੋਈ ਸੀ ਕਿ ਪਹਿਲਾਂ ਕਿਸੇ ਵੇਲੇ ਜਸਦੇਵ ਸਿੰਘ ਰਾਏ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (ਆਈ ਐੱਸ ਆਈ ਐੱਫ) ਨਾਲ ਜੁੜੇ ਰਹੇ ਸਨ ਤੇ ਇਸ ਜਥੇਬੰਦੀ ਨੂੰ ਕੈਨੇਡਾ ਵਿੱਚ ਦਹਿਸ਼ਤਗਰਦ ਮੰਨਿਆ ਜਾਂਦਾ ਹੈ ਤੇ ਇਸ 'ਤੇ ਉਸ ਦੇਸ਼ ਵਿੱਚ ਮੁਕੰਮਲ ਪਾਬੰਦੀ ਹੈ।

# ਪ੍ਰਾਪਰਟੀ ਖਰੀਦਣ ਵਿੱਚ ਵੱਧ ਕੈਸ਼ ਟ੍ਰਾਂਜ਼ੈਕਸ਼ਨ ਹੋਈ ਤਾਂ ਆਈ ਟੀ ਵਿਭਾਗ ਨੋਟਿਸ ਭੇਜੇਗਾ

ਨਵੀਂ ਦਿੱਲੀ, 20 ਜਨਵਰੀ (ਪੋਸਟ ਬਿਊਰੋ)- ਜੇ ਕਿਸੇ ਨੇ ਪਾਰਟੀ ਖਰੀਦਣ ਲਈ 20 ਹਜ਼ਾਰ ਰੁਪਏ ਤੋਂ ਜ਼ਿਆਦਾ ਕੈਸ਼ ਟ੍ਰਾਂਜੈਕਸ਼ਨ ਕੀਤਾ ਹੈ ਤਾਂ ਇਨਕਮ ਟੈਕਸ ਵਿਭਾਗ ਦੇ ਨੋਟਿਸ ਲਈ ਤਿਆਰ ਰਹੇ। ਆਈ ਟੀ ਵਿਭਾਗ ਦਾ ਦਿੱਲੀ ਡਵੀਜ਼ਨ 20 ਹਜ਼ਾਰ ਰੁਪਏ ਤੋਂ ਜ਼ਿਆਦਾ ਦੇ ਕੈਸ਼ ਟ੍ਰਾਂਜੈਕਸ਼ਨ ਵਾਲੇ ਪ੍ਰਾਪਰਟੀ ਖਰੀਦ ਖਿਲਾਫ ਮੁਹਿੰਮ ਸ਼ੁਰੂ ਕਰਨ ਜਾ ਰਹੇ ਹਨ। ਇਨਕਮ ਟੈਕਸ ਵਿਭਾਗ 20 ਹਜ਼ਾਰ ਤੋਂ ਜ਼ਿਆਦਾ ਕੈਸ਼ ਪੇਮੈਂਟ ਵਾਲੇ ਪ੍ਰਾਪਰਟੀਆਂ ਦੀ ਰਜਿਸਟਰੀ ਦੀ ਲਿਸਟ ਬਣਾ ਰਿਹਾ ਹੈ। ਆਈ ਟੀ ਨੇ ਦਿੱਲੀ ਦੇ ਸਾਰੇ 21 ਸਬ ਰਜਿਸਟਰਾਰ ਆਫਿਸ ਵਿਚ ਜਾ ਕੇ 2015 ਤੋਂ 2018 ਦੇ ਵਿਚਾਲੇ ਹੋਈ ਸਾਰੇ ਰਜਿਸਟਰੀਜ਼ ਨੂੰ ਸਕੈਨ ਕੀਤਾ ਹੈ। ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ ਉੱਤੇ ਇੱਕ ਸੀਨੀਅਰ ਆਈ ਟੀ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੇ ਇੱਕ ਜੂਨ 2015 ਤੋਂ ਦਸੰਬਰ 2018 ਵਿਚਾਲੇ ਉਨ੍ਹਾਂ ਨੂੰ ਰਜਿਸਟਰੀਜ਼ ਨੂੰ ਸਕੈਨ ਕੀਤਾ ਹੈ, ਜਿਨ੍ਹਾਂ 'ਚ ਕੈਸ਼ ਪੇਮੈਂਟ 20 ਹਜ਼ਾਰ ਰੁਪਏ ਤੋਂ ਵੱਧ ਕੀਤਾ ਗਿਆ। ਅਚਲ ਸੰਪਤੀ ਦੀ ਖਰੀਦ-ਵੇਚ ਵਿੱਚ ਕਾਲੇ ਧਨ 'ਤੇ ਲਗਾਮ ਲਗਾਉਣ ਲਈ ਇਹ ਸੀਮਾ ਰੱਖੀ ਗਈ ਹੈ।

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ

Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?

ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!

If you have 'G' license, 3 years experience & a clean record call today for the lowest & best insurance rates

Sujit Majumdar
Agent
Cell: 647-292-1996

Paying too much for auto insurance?
Call today for best & low rates!

27 Rean Drive, Unit 11,
Toronto, ON M2K 0A6

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
Tico# 50023814

- Special Flights to India and Pakistan
- Special Packages to cuba, mexico
- Online visa application (India)
- Cruise Booking
- Travel insurance

Manjit Batra

manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner



RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO



CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

ਬਰੈਂਡ ਨਿਉ 2019 ਮਾਡਲ ਟ੍ਰੈਲਰ

Never used, all plated Utility Dry Van trailer FOR SALE or LEASE!

If you lease or buy you and have trouble finding parking feel free to contact us!

Sukhdev Singh
416.891.1100



PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

amar
INTERMODAL • TRANSPORT • STORAGE
HIRING DRIVERS
for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

# ਬਿਊਟੀ ਨਹੀਂ, ਟੈਲੇਂਟ ਨਾਲ ਬਣਦੀ ਹੈ ਗੱਲ



ਪਿਛਲੇ ਸਾਲ ਵਿੱਚ ਇੱਕੋ ਫਿਲਮ 'ਨਮਸਤੇ ਲੰਡਨ' ਵਿੱਚ ਨਜ਼ਰ ਆਈ ਪਰਿਣੀਤੀ ਚੋਪੜਾ 2019 ਵਿੱਚ ਤਿੰਨ ਵੱਡੀਆਂ ਫਿਲਮਾਂ ਵਿੱਚ ਦਰਸ਼ਕਾਂ ਦੇ ਸਾਹਮਣੇ ਹੋਵੇਗੀ। ਇਸ ਵਿੱਚ ਅਰਜੁਨ ਕਪੂਰ ਦੇ ਆਪੋਜ਼ਿਟ 'ਸੰਦੀਪ ਔਰ ਪਿੰਕੀ ਫਰਾਰ', ਅਕਸ਼ੈ ਕੁਮਾਰ ਦੇ ਆਪੋਜ਼ਿਟ 'ਕੇਸਰੀ' ਅਤੇ ਸਿਧਾਰਥ ਕਪੂਰ ਦੇ ਆਪੋਜ਼ਿਟ ਫਿਲਮ 'ਜਬਰੀਆ ਜੋੜੀ' ਸ਼ਾਮਲ ਹਨ। ਪਿਛਲੇ ਸਾਲ ਦੀ ਇੱਕੋ ਫਿਲਮ 'ਨਮਸਤੇ ਲੰਡਨ' ਦੇ ਬੁਰੀ ਤਰ੍ਹਾਂ ਫਲਾਪ ਹੋਣ ਕਰ ਕੇ ਉਸ 'ਤੇ ਇਸ ਸਾਲ ਦੀਆਂ ਆਪਣੀਆਂ ਇਨ੍ਹਾਂ ਤਿੰਨਾਂ ਬਾਰੇ ਦਬਾਅ ਕੁਝ ਵਧ ਗਿਆ ਹੈ, ਪਰ ਉਸ ਨੂੰ ਪੂਰਾ ਭਰੋਸਾ ਹੈ ਕਿ ਇਹ ਤਿੰਨੋਂ ਫਿਲਮਾਂ ਉਸ ਦੇ ਕਰੀਅਰ ਨੂੰ ਨਵਾਂ ਮੋੜ ਦੇਣ ਵਾਲੀਆਂ ਹੋਣਗੀਆਂ। ਇੱਕ ਸਮਾਂ ਪਰਿਣੀਤੀ ਨੂੰ ਮੋਟੇ ਹੋਣ 'ਤੇ ਆਲੋਚਨਾ ਵੀ ਝੱਲਣੀ ਪਈ ਸੀ, ਪਰ ਪਿੱਛੇ ਜਿਹੇ ਦੇ ਸਾਲਾਂ ਵਿੱਚ ਉਸ ਨੇ ਆਪਣੀ ਫਿਟਨੈੱਸ 'ਤੇ ਖ਼ੂਬ ਮਿਹਨਤ ਕੀਤੀ ਹੈ ਤੇ ਉਹ ਫਿਲਮਾਂ ਵਿੱਚ ਕੰਮ ਸ਼ੁਰੂ ਕਰਨ ਦੀ ਤੁਲਨਾ 'ਚ ਬਹੁਤ ਬਦਲੀ ਬਦਲੀ ਤੇ ਨਿਖਰੀ ਨਜ਼ਰ ਆਉਂਦੀ ਹੈ।

ਉਹ ਨਹੀਂ ਮੰਨਦੀ ਕਿ ਫਿਲਮ ਨਗਰੀ ਵਿੱਚ ਫਿਟਨੈਸ ਅਤੇ ਆਕਰਸ਼ਿਕ ਸਰੀਰਕ ਰੰਗ ਰੂਪ ਨੂੰ ਟੈਲੇਂਟ ਨਾਲ ਵੱਧ ਮਹੱਤਵ ਦਿੱਤਾ ਜਾਣ ਲੱਗਾ ਹੈ। ਉਹ ਕਹਿੰਦੀ ਹੈ, "ਅੱਜ ਵੀ ਟੈਲੇਂਟ ਹੀ ਸਭ ਕੁਝ ਹੈ, ਜੇ ਕਿਸੇ ਨੂੰ ਐਕਟਿੰਗ ਨਹੀਂ ਆਉਂਦੀ ਤਾਂ ਉਸ ਦੇ ਸੁੰਦਰ ਜਾਂ ਫਿੱਟ ਹੋਣ ਦਾ ਕੋਈ ਫਾਇਦਾ ਨਹੀਂ। ਜੋ ਵੀ ਕਲਾਕਾਰ ਸਾਲਾਂ ਤੋਂ ਫਿਲਮ ਨਗਰੀ ਵਿੱਚ ਹੈ ਅਤੇ ਜੋ ਵੀ ਨਵੇਂ ਕਲਾਕਾਰ ਸਫਲ ਹੋਏ ਹਨ, ਉਨ੍ਹਾਂ ਸਾਰਿਆਂ ਵਿੱਚ ਸਿਰਫ ਸੁੰਦਰਤਾ ਹੀ ਨਹੀਂ, ਉਹ ਆਪਣੇ ਟੈਲੇਂਟ ਦੇ ਦਮ 'ਤੇ ਇਥੇ ਟਿਕ ਸਕੇ ਹਨ। ਸ਼ੁਰੂ ਵਿੱਚ ਮੈਨੂੰ ਵੀ ਮੇਰੀ ਲੁਕਸ ਲਈ ਤਾਰੀਫਾਂ ਨਹੀਂ ਮਿਲੀਆਂ ਸਨ, ਪਰ ਮੈਂ ਇਥੇ ਇੰਨੇ ਸਾਲ ਗੁਜ਼ਾਰੇ ਹਨ ਤਾਂ ਉਹ ਸਿਰਫ ਇਸ ਲਈ ਮੈਂ ਕੁਝ ਚੰਗਾ ਕੰਮ ਕਰ ਕੇ ਵਿਖਾਇਆ ਹੈ।"

ਪਰਿਣੀਤੀ ਦਾ ਮੰਨਣਾ ਹੈ ਕਿ ਔਰਤਾਂ ਦੀ ਅਸਲੀ ਸੁੰਦਰਤਾ ਉਸ ਦੇ ਚਿਹਰੇ ਤੇ ਸਰੀਰ 'ਤੇ ਨਿਰਭਰ ਨਹੀਂ ਕਰਦੀ। ਉਸ ਨੇ ਕਿਹਾ, "ਔਰਤਾਂ ਹੀ ਨਹੀਂ, ਹਰ ਵਿਅਕਤੀ ਦੀ ਸੁੰਦਰਤਾ ਉਸ ਦੇ ਵਿਅਕਤੀਤਵ ਤੇ ਉਸ ਦੇ ਮਜ਼ਾਜ਼ 'ਚ ਲੁਕੀ ਹੁੰਦੀ ਹੈ। ਮੈਂ ਉਨ੍ਹਾਂ ਲੋਕਾਂ ਵੱਲ ਆਕਰਸ਼ਿਤ ਹੁੰਦੀ ਹਾਂ ਜੋ ਦਿਲ ਖੋਲ੍ਹ ਕੇ ਹੱਸਦੇ ਹਨ। ਮੈਨੂੰ ਉਹ ਔਰਤਾਂ ਪਸੰਦ ਹਨ, ਜੋ ਖੁੱਲ੍ਹ ਕੇ ਜਿਊਣਾ ਜਾਣਦੀਆਂ ਹਨ ਤੇ ਖੁਦ 'ਤੇ ਕਿਸੇ ਤਰ੍ਹਾਂ ਦਾ ਬੋਝ ਲੈ ਕੇ ਨਹੀਂ ਚਲਦੀਆਂ।"

# ਸਾਇਕਾਲੋਜੀਕਲ ਥ੍ਰਿਲਰ ਵਿੱਚ ਕੁਨਾਲ-ਅਮਾਇਰਾ





ਕੁਨਾਲ ਕਪੂਰ ਤੇ ਅਮਾਇਰਾ ਦਸਤੂਰ ਦੀ ਜੋੜੀ ਸਾਇਕਾਲੋਜੀਕਲ ਥ੍ਰਿਲਰ ਫਿਲਮ 'ਕੋਈ ਜਾਨੇ ਨਾ' ਵਿੱਚ ਨਜ਼ਰ ਆਏਗੀ। ਫਿਲਮ ਦੀ ਸ਼ੂਟਿੰਗ ਪੰਚਗਨੀ ਵਿੱਚ ਸ਼ੁਰੂ ਹੋ ਗਈ ਹੈ। ਫਿਲਮ ਦਾ ਨਿਰਦੇਸ਼ਨ ਅਮਿਤ ਹਾਜ਼ੀ ਕਰ ਰਹੇ ਹਨ। ਵਿਕਰਮ ਭੱਟ ਦੀ 'ਹਾਂਟੇਡ' ਅਤੇ '1920 ਏਵਿਲ ਰਿਟਰਨਸ' ਵਰਗੀਆਂ ਫਿਲਮਾਂ ਦਾ ਲੇਖਨ ਕਰ ਚੁੱਕੇ ਅਮੀਰ ਹਾਜ਼ੀ ਦੀ ਬਤੌਰ ਡਾਇਰੈਕਟਰ ਇਹ ਪਹਿਲੀ ਫਿਲਮ ਹੋਵੇਗੀ।

ਨਿਰਦੇਸ਼ਨ ਵਿੱਚ ਆਪਣੀ ਨਵੀਂ ਪਾਰੀ ਬਾਰੇ ਉਨ੍ਹਾਂ ਦਾ ਕਹਿਣਾ ਹੈ, "ਮੈਂ ਹਮੇਸ਼ਾ ਤੋਂ ਆਪਣੀ ਕਿਸੇ ਫਿਲਮ ਦਾ ਨਿਰਦੇਸ਼ਨ ਕਰਨਾ ਚਾਹੁੰਦਾ ਸੀ। ਸਾਲ 1988 ਵਿੱਚ ਮੈਂ ਫਿਲਮ 'ਗੈਂਗ' ਵਿੱਚ ਮਜ਼ਹਰ ਖਾਨ ਨੂੰ ਅਸਿਸਟ ਕੀਤਾ ਸੀ। ਉਸ ਅਨੁਭਵ ਨੇ ਮੇਰਾ ਜੀਵਨ ਬਦਲ ਦਿੱਤਾ। ਮੈਂ 'ਸਵਦੇਸ਼' ਵਿੱਚ ਆਮਿਰ ਖਾਨ ਅਤੇ ਆਸ਼ੂਤੋਸ਼ ਗੋਵਾਰੀਕਰ ਨਾਲ ਕੰਮ ਕੀਤਾ, ਜਿਨ੍ਹਾਂ ਤੋਂ ਮੈਨੂੰ ਅੱਗੇ ਵਧਣ ਦੀ ਪ੍ਰੇਰਣਾ ਮਿਲੀ। ਇਸ ਫਿਲਮ ਨੂੰ ਬਣਾਉਣ ਦਾ ਆਈਡੀਆ ਮੈਨੂੰ ਇੱਕ ਸ਼ਾਰਟ ਫਿਲਮ ਤੋਂ ਮਿਲਿਆ ਸੀ। ਮੈਂ ਆਮਿਰ ਖਾਨ ਅਤੇ ਆਸ਼ੂਤੋਸ਼ ਗੋਵਾਰੀਕਰ ਨੂੰ ਕਹਾਣੀ ਸੁਣਾਈ ਤਾਂ ਉਨ੍ਹਾਂ ਨੇ ਮੈਨੂੰ ਕਿਹਾ ਕਿ ਇਸ ਸਕ੍ਰਿਪਟ ਦਾ ਨਿਰਦੇਸ਼ਨ ਮੈਨੂੰ ਖੁਦ ਕਰਨਾ ਚਾਹੀਦਾ ਹੈ। ਫਿਲਮ ਵਿੱਚ ਸੱਤ ਗਾਣੇ ਹਨ। ਹਰ ਗਾਣਾ ਕਹਾਣੀ ਨੂੰ ਅੱਗੇ ਵਧਾਏਗਾ।" ਗੌਰਤਲਬ ਹੈ ਕਿ ਫਿਲਮ 'ਕੋਈ ਜਾਨੇ ਨਾ' ਇਸ ਸਾਲ 11 ਅਕਤੂਬਰ ਨੂੰ ਰਿਲੀਜ਼ ਹੋਵੇਗੀ।

# ਸਲਮਾਨ ਦੇ ਲਈ ਸੈੱਟ 'ਤੇ ਬਣਿਆ ਜਿਮ




ਅਭਿਨੇਤਾ ਸਲਮਾਨ ਖਾਨ ਸ਼ੂਟਿੰਗ ਦੇ ਬਿਜ਼ੀ ਸ਼ਡਿਊਲ ਵਿੱਚੋਂ ਵੀ ਵਰਕ ਆਊਟ ਲਈ ਸਮਾਂ ਕੱਢ ਲੈਂਦੇ ਹਨ। ਇਸ ਸਮੇਂ ਸਲਮਾਨ ਆਪਣੀ ਫਿਲਮ 'ਭਾਰਤ' ਦੀ ਸ਼ੂਟਿੰਗ ਵਿੱਚ ਬਿਜ਼ੀ ਹਨ। ਫਿਲਮ ਦਾ ਆਖਰੀ ਸ਼ਡਿਊਲ ਗੋਰੇਗਾਂਵ ਵਿੱਚ ਚੱਲ ਰਿਹਾ ਹੈ ਅਤੇ ਸੁਣਨ ਵਿੱਚ ਆਇਆ ਹੈ ਕਿ ਫਿਲਮ ਦੇ ਨਿਰਮਾਤਾ ਅਤੁਲ ਅਗਨੀਹੋਤਰੀ ਅਤੇ ਨਿਖਿਲ ਨਮਿਤ ਨੇ ਅਭਿਨੇਤਾ ਸਲਮਾਨ ਦੇ ਲਈ ਫਿਲਮ ਸਿਟੀ ਵਿੱਚ 10 ਹਜ਼ਾਰ ਸਕਵਾਇਰ ਫਿੱਟ ਵਿੱਚ ਜਿਮ ਤਿਆਰ ਕਰਵਾਇਆ ਹੈ, ਤਾਂ ਕਿ ਉਹ ਰੋਜ਼ ਦੀ ਤਰ੍ਹਾਂ ਵਰਕਆਊਟ ਕਰ ਸਕਣ। ਯੂਨਿਟ ਨਾਲ ਜੁੜੇ ਸੂਤਰਾਂ ਨੇ ਦੱਸਿਆ, ਸਲਮਾਨ ਰੋਜ਼ ਗੋਰੇਗਾਂਓਂ ਤੋਂ ਬਾਂਦ੍ਰਾ ਨਹੀਂ ਜਾਣਾ ਚਾਹੁੰਦੇ, ਇਸ ਲਈ ਉਹ ਸੈਟ ਦੇ ਨੇੜੇ ਰਹਿ ਰਹੇ ਹਨ। ਉਨ੍ਹਾਂ ਨੇ ਸੈਟ 'ਤੇ ਇੱਕ ਵੱਡਾ ਜਿਮ ਬਣਵਾਉਣ ਦੀ ਮੰਗ ਕੀਤੀ ਸੀ, ਜਿਸ ਵਿੱਚ ਆਧੁਨਿਕ ਮਸ਼ੀਨਾਂ ਲੱਗੀਆਂ ਹੋਣ। ਇਹ ਅਜਿਹਾ ਹੀ ਇੱਕ ਆਧੁਨਿਕ ਜਿਮ ਹੈ। ਇਸ ਨੂੰ ਬਣਾਉਣ ਵਿੱਚ ਹਫਤੇ ਭਰ ਦਾ ਸਮਾਂ ਲੱਗਾ। ਕਿਹਾ ਗਿਆ ਕਿ ਅਲੀ ਅੱਬਾਸ ਦੀ ਫਿਲਮ ਲਈ ਖੁਦ ਨੂੰ ਫਿੱਟ ਰੱਖਣ ਦੇ ਲਈ ਸਲਮਾਨ ਦਿਨ ਵਿੱਚ ਦੋ ਵਾਰ ਵਰਕਾਊਟ ਕਰਦੇ ਹਨ। ਫਿਲਮ ਵਿੱਚ ਸਲਮਾਨ ਦੇ ਪੰਜ ਅਲੱਗ ਅਲੱਗ ਲੁਕ ਦਿਖਾਏ ਜਾਣਗੇ। ਸ਼ੂਟਿੰਗ ਵਿੱਚ ਸਲਮਾਨ ਨੂੰ ਪਹਿਲਾਂ ਦੀ ਤਰ੍ਹਾਂ ਦਿਸਣਾ ਹੈ, ਇਸ ਲਈ ਉਹ ਖੁਦ ਨੂੰ ਫਿੱਟ ਰੱਖ ਰਹੇ ਹਨ।

ਨਿਰਮਾਤਾ ਨਖਿਲ ਨਮਿਤ ਕਹਿੰਦੇ ਹਨ, "ਅਸੀਂ 10 ਹਜ਼ਾਰ ਸਕਵਾਇਰ ਫਿਟ ਵਿੱਚ ਜਿਮ ਤਿਆਰ ਕਰਵਾਇਆ ਹੈ। ਸਲਮਾਨ ਦੇ ਨਾਲ ਹੀ ਕਾਸਟ ਅਤੇ ਕਰੂਅ ਦੇ ਮੈਂਬਰ ਵੀ ਇਸ ਦਾ ਉਪਯੋਗ ਕਰ ਰਹੇ ਹਨ।"

ਮੂੰਹੋ ਬੋਲਦੀ Kitchen and Washroom ਬਣਵਾਓ

**Pearson**
**Kitchen & Cabinet**

Free Estimate
We Specialize in granite, quartz & marble countertops





We Specialize In:
100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call **Vikramjit Sangha: 416-200-0931**

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

ਸ੍ਰੀ ਗੁਰੂ ਸਿੰਘ ਸਭਾ ਮਾਲਟਨ ਵਿਖੇ

ਚਾਲੀ ਮੁਕਤਿਆਂ ਦੀ ਯਾਦ ਵਿੱਚ 13ਵਾਂ

ਵਾਹਿਗੁਰੂ ਨਾਮ ਸਿਮਰਨ ਸਮਾਗਮ

14 ਜਨਵਰੀ ਤੋਂ 23 ਫਰਵਰੀ ਤੱਕ

ਰੋਜ਼ਾਨਾ ਅੰਮ੍ਰਿਤ ਵੇਲੇ


ਸੁਖਮਨੀ ਸਾਹਿਬ (ਸੰਗਤੀ ਰੂਪ) 3:00 ਤੋਂ 4:30 ਵਜੇ ਤੱਕ

"ਵਾਹਿਗੁਰੂ" ਸਿਮਰਨ 4:30 ਤੋਂ 5:30 ਵਜੇ ਤੱਕ

ਰੋਜ਼ਾਨਾ ਸ਼ਾਮ ਨੂੰ

"ਵਾਹਿਗੁਰੂ" ਸਿਮਰਨ 7:00 ਤੋਂ 8:00 ਵਜੇ ਤੱਕ

ਅੰਮ੍ਰਿਤ ਸੰਚਾਰ
23 ਫਰਵਰੀ ਸਵੇਰੇ
1:00 ਵਜੇ



Sri Guru Singh Sabha Malton Canada 905-671-1662
Watch Live on ATN & www.srigurusinghsabhamalton.com

Tri-City Professional Realty Inc., Brokerage
Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana
Sales Rep




Darcel/Brandon Gate

ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।





Chinguacousy/Sandalwood

5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।




Niagara Falls Ontario

ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।




Castlemore/Goreway

4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।

BEST CANADIAN TRUCK & FORKLIFT TRAINING CENTRE

Registered as a Private Career College Under the Private Career Colleges Act. 2005



- AZ Tractor Trailer Program
- Manual Transmission & Backup Training Everyday
- We Welcome Welfare & Workers Compensation Clients

**SPECIAL**
Forklift Re-Certification Only $69

Cell: 416-670-3173
Tell: 905-799-7333
Open 7 Days

27-B Edvac Drive, Brampton, ON L6S 5X8



Karnail Singh

INTERSTATE FREIGHT SYSTEMS INC.

A/Z ਡਰਾਈਵਰ ਤੇ ਡਿਸਪੈਚਰ ਦੀ ਲੋੜ

USA, Montreal, Montreal Local Within Ontario
ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators
for local work

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ

Please send resume at:
jgill@interstatefreightsystem.com
Call: 416-452-0677, 647-448-3500
( Monday to Friday | 10am to 5pm)

# ਕ੍ਰਾਂਤੀਕਾਰੀ ਬਾਣੀ ਦੇ ਰਚੇਤਾ ਭਗਤ ਕਬੀਰ ਜੀ

-ਦਲਬੀਰ ਸਿੰਘ ਧਾਲੀਵਾਲ

ਭਗਤ ਕਬੀਰ ਜੀ ਦਾ ਆਗਮਨ ਜਦੋਂ ਇਸ ਸੰਸਾਰ 'ਤੇ ਹੋਇਆ ਤਾਂ ਭਾਰਤੀ ਸਮਾਜ ਵਿੱਚ ਕਰਮ ਕਾਂਡਾਂ, ਪਾਖੰਡਾਂ, ਅੰਧ ਵਿਸ਼ਵਾਸਾਂ, ਊਚ ਨੀਚ ਦੀ ਨਫਰਤ, ਤੀਰਥ ਯਾਤਰਾਵਾਂ, ਜਾਦੂ ਟੂਣਿਆਂ, ਯੱਗਾਂ, ਬਲੀਆਂ, ਸਰੀਰ ਨੂੰ ਕਸ਼ਟ ਵਾਲੇ ਤਪਾਂ ਆਦਿ ਦਾ ਬੋਲ ਬਾਲਾ ਸੀ। ਇਨ੍ਹਾਂ ਕੁਰੀਤੀਆਂ ਵੱਲੋਂ ਪੈਦਾ ਕੀਤੀ ਵਰਣ ਵਿਵਸਥਾ ਨੇ ਸਮਾਜ ਨੂੰ ਕੇਵਲ ਚਾਰ ਭਾਗਾਂ (ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ) ਵਿੱਚ ਹੀ ਨਹੀਂ ਵੰਡਿਆ, ਅੱਗੇ ਹੋਰ ਜਾਤਾਂ-ਉਪ-ਜਾਤਾਂ ਵਿੱਚ ਫਸਾ ਰੱਖਿਆ ਸੀ। ਇਸ ਵਿਰੁੱਧ 14ਵੀਂ ਸਦੀ ਵਿੱਚ ਕਰੀਬ ਜਿਹੇ ਸ਼ੂਦਰ ਭਗਤਾਂ ਦਾ ਆਗਮਨ ਇਸ ਸੰਸਾਰ ਉਤੇ ਹੋਇਆ, ਜਿਨ੍ਹਾਂ ਨੇ ਬੜੀ ਦਲੇਰੀ ਨਾਲ ਇੰਨ੍ਹਾਂ ਕਰਮ ਕਾਂਡਾਂ ਅਤੇ ਜਾਤ ਪਾਤ ਦੇ ਵਿਤਕਰੇ ਨੂੰ ਲਲਕਾਰਿਆ ਅਤੇ ਸੱਚੀ ਪ੍ਰਭੂ ਭਗਤੀ ਦੇ ਸਹੀ ਮਾਰਗ ਦਾ ਪ੍ਰਚਾਰ ਵੀ ਕੀਤਾ। ਇਸ ਸਮਾਜ ਸੁਧਾਰਕ ਇਨਕਲਾਬੀ ਕਾਰਨਾਮੇ ਨੂੰ ਭਗਤੀ ਲਹਿਰ ਦਾ ਨਾਮ ਦਿੱਤਾ ਗਿਆ। ਇਸ ਭਗਤੀ ਲਹਿਰ ਦੇ ਮਹਾਂ ਨਾਇਕਾਂ ਭਗਤ ਨਾਮ ਦੇਵ ਜੀ, ਭਗਤ ਪੀਪਾ ਜੀ, ਭਗਤ ਰਵਿਦਾਸ ਜੀ ਵਿੱਚੋਂ ਇਸ ਕ੍ਰਾਂਤੀਕਾਰੀ ਲਹਿਰ ਨੂੰ ਸਿਖਰ ਅਤੇ ਸਮਰੱਥਾ ਪ੍ਰਦਾਨ ਵਾਲੇ ਭਗਤ ਕਬੀਰ ਜੀ ਸਤਿਕਾਰੇ ਜਾਂਦੇ ਹਨ, ਕਿਉਂਕਿ ਜਿਨ੍ਹਾਂ 15 ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਉਨ੍ਹਾਂ ਵਿੱਚੋਂ ਭਗਤ ਕਬੀਰ ਜੀ ਦੀ ਬਾਣੀ ਸਭ ਤੋਂ ਵੱਧ ਹੈ। ਕਬੀਰ ਜੀ ਨੇ 17 ਰਾਗਾਂ ਵਿੱਚ 224 ਸ਼ਬਦ ਉਚਾਰੇ ਹਨ। ਇਸ ਦੇ ਨਾਲ ਬਾਵਨ ਆਖਰੀ, ਥਿਤੀ, ਵਾਰ 7ਵੀਂ ਅਤੇ 'ਲੋਕ ਭਗਤ ਕਬੀਰ ਜੀਓ ਕੇ' ਸਿਰਲੇਖ ਹੇਠ 243 ਸਲੋਕ ਹਨ, ਜਿਨ੍ਹਾਂ ਵਿੱਚ ਕੁਝ ਸਲੋਕ ਗੁਰੂ ਅਰਜਨ ਦੇਵ ਜੀ ਤੇ ਗੁਰੂ ਅਮਰਦਾਸ ਜੀ ਦੇ ਹਨ। ਭਗਤ ਕਬੀਰ ਜੀ ਦੇ ਜਨਮ ਇਤਿਹਾਸ ਬਾਰੇ ਬੇਸ਼ੱਕ ਵਿਦਵਾਨਾਂ ਵਿੱਚ ਮਤਭੇਦ ਹਨ, ਪਰ ਭਾਈ ਕਾਹਨ ਸਿੰਘ ਨਾਭਾ ਦੇ 'ਮਹਾਨਕੋਸ਼' ਅਨੁਸਾਰ ਪੁਸ਼ਟੀ ਹੁੰਦੀ ਹੈ ਕਿ ਇਨ੍ਹਾਂ ਦਾ ਜਨਮ 1398 ਈਸਵੀ (ਜੇਠ ਸੁਦੀ 15 ਸੰਮਤ 1455) ਨੂੰ ਬਨਾਰਸ ਵਿੱਚ ਹੋਇਆ ਸੀ। ਭਾਈ ਸਾਹਿਬ ਵੱਲੋਂ ਮਹਾਨ ਕੋਸ਼ ਵਿੱਚ ਬੇਸ਼ੱਕ ਇਹ ਵੀ ਲਿਖਿਆ ਗਿਆ ਹੈ ਕਿ ਕਬੀਰ ਜੀ ਦਾ ਜਨਮ ਵਿਧਵਾ ਬ੍ਰਾਹਮਣੀ ਦੇ ਉਦਰ ਤੋਂ ਹੋਇਆ, ਜਿਸ ਅਨੁਸਾਰ ਉਨ੍ਹਾਂ ਦੀ ਮਾਤਾ ਨੇ ਬਨਾਰਸ ਕੋਲ ਲਹਿਲ ਤਲਾਅ ਦੇ ਕੋਲ ਨਵੇਂ ਜਨਮੇ ਬਾਲਕ ਨੂੰ ਰੱਖ ਦਿੱਤਾ, ਜਿਸ ਨੂੰ ਅਲੀ (ਨੀਰ) ਜੂਲਾਹੇ ਨੇ ਘਰ ਲਿਆ ਕੇ ਪੁੱਤਰ ਬਣਾ ਕੇ ਪਾਲਿਆ ਪੋਸਿਆ, ਪਰ ਕੁਝ ਵਿਦਵਾਨਾਂ ਦਾ ਮਤ ਹੈ ਕਿ ਕਬੀਰ ਜੀ ਦੇ ਵਿਧਵਾ ਜਾਂ ਕੁਆਰੀ ਬ੍ਰਾਹਮਣੀ ਦੀ ਕੁੱਖੋਂ ਜਨਮ ਲੈਣ ਦੀ ਝੂਠੀ ਕਹਾਣੀ ਵੀ ਬ੍ਰਾਹਮਣਾਂ ਨੇ ਪ੍ਰਚਾਰੀ ਹੈ, ਸਿਰਫ ਇਹ ਦੱਸਣ ਲਈ ਕਿ ਸ਼ੂਦਰਾਂ ਦੇ ਘਰ ਭਗਤ ਜਾਂ ਵਿਦਵਾਨ ਪੈਦਾ ਨਹੀਂ ਹੋ ਸਕਦਾ। ਇਸੇ ਤਰ੍ਹਾਂ ਇਹ ਗੱਲ ਪ੍ਰਸਿੱਧ ਕੀਤੀ ਗਈ ਕਿ ਭਗਤ ਕਬੀਰ ਨੇ ਸੁਆਮੀ ਰਾਮਾਨੰਦ ਨੂੰ ਆਪਣਾ ਗੁਰੂ ਧਾਰਿਆ ਸੀ, ਜਿਸ ਨਾਲ ਇਹ ਚਰਚਾ ਪ੍ਰਚੱਲਿਤ ਕੀਤੀ ਗਈ ਕਿ ਰਾਮਾਨੰਦ ਜੋ ਮੂਲ ਰੂਪ ਵਿੱਚ ਗੌੜ ਬ੍ਰਾਹਮਣ ਤੇ ਵੇਦਾਂ ਸ਼ਾਸਤਰਾਂ ਦੇ ਗਿਆਤਾ ਸਨ ਤੇ ਉਹ ਨੀਵੀ ਜਾਤੀ ਵਾਲਿਆਂ ਨੂੰ ਗੁਰੂ ਮੰਤਰ ਨਹੀਂ ਸੀ ਦਿੰਦੇ, ਇਸ ਲਈ ਕਬੀਰ ਜੀ ਇਕ ਪ੍ਰਭਾਤ ਨੂੰ ਉਨ੍ਹਾਂ ਦੇ ਰਸਤੇ ਵਿੱਚ ਲੇਟ ਗਏ। ਰਾਮਾਨੰਦ ਜੋ ਰੋਜ਼ਾਨਾ ਦੀ ਤਰ੍ਹਾਂ ਗੰਗਾ ਨਦੀ ਵਿੱਚ ਇਸ਼ਨਾਨ ਕਰਨ ਜਾ ਰਹੇ ਸਨ, ਆਪਣੇ ਧਿਆਨ ਵਿੱਚ ਮਗਨ ਸਨ ਤਾਂ ਹਨੇਰੇ ਵਿੱਚ ਉਨ੍ਹਾਂ ਦਾ ਪੈਰ ਕਬੀਰ ਜੀ ਨੂੰ ਲੱਗਿਆ, 'ਰਾਮ ਆਖ ਭਾਈ' ਕਹਿ ਕੇ ਕਬੀਰ ਜੀ ਨੂੰ ਉਠਾਇਆ। ਇੰਝ ਕਬੀਰ ਜੀ ਉਸ ਦੇ ਸ਼ਿਸ਼ ਬਣ ਗਏ। ਭਾਈ ਗੁਰਦਾਸ ਜੀ ਨੇ ਆਪਣੀ 10ਵੀਂ ਵਾਰ ਵਿੱਚ ਇਸ ਗੱਲ ਦਾ ਜ਼ਿਕਰ ਕੀਤਾ ਹੈ।



ਇਥੇ ਇਹ ਗੰਭੀਰਤਾ ਨਾਲ ਵਿਚਾਰਨ ਦਾ ਵਿਸ਼ਾ ਹੈ ਕਿ ਭਾਰਤੀ ਇਤਿਹਾਸ ਵਿੱਚ ਇਹ ਅਜਿਹੀਆਂ ਕਰਮਕਾਂਡੀ ਘਟਨਾਵਾਂ ਅਤੇ ਮਿਥਿਹਾਸਿਕ ਸਾਖੀਆਂ ਸਾਡੇ ਕਈ ਮਹਾਂਪੁਰਖਾਂ ਨਾਲ ਜੋੜ ਦਿੱਤੀਆਂ ਗਈਆਂ ਹਨ, ਜਿਨ੍ਹਾਂ ਦਾ ਅਰਥ ਉਸ ਸੱਚਾਈ ਨਾਲ ਮੇਲ ਨਹੀਂ ਖਾਂਦਾ, ਜੋ ਸੰਦੇਸ਼ ਜਾਂ ਵਿਚਾਰਧਾਰਾ ਉਨ੍ਹਾਂ ਮਹਾਂਪੁਰਖਾਂ ਵੱਲੋਂ ਉਚਾਰਣ ਕੀਤੀ ਬਾਣੀ ਦੇ ਉਪਦੇਸ਼ਾਂ ਵਿੱਚੋਂ ਝਲਕਦੀ ਹੈ। ਦੁੱਖ ਇਹ ਹੈ ਕਿ ਸਾਡੇ ਕਈ ਸਿਆਣੇ ਇਤਿਹਾਸਕਾਰ ਵੀ ਇਸ ਦਾ ਵਿਸ਼ਲੇਸ਼ਣ ਕੀਤੇ ਬਗੈਰ ਉਸ ਕਹਾਣੀ ਨੂੰ ਉਵੇਂ ਹੀ ਦੁਹਰਾ ਜਾਂਦੇ ਹਨ। ਅਸੀਂ ਕਹਿ ਸਕਦੇ ਹਾਂ ਕਿ ਭਗਤ ਕਬੀਰ ਜੀ ਵਰਗੇ ਕ੍ਰਾਂਤੀਕਾਰੀ ਬਾਣੀ ਉਚਾਰਣ ਵਾਲੇ ਉਚ ਕੋਟੀ ਦੇ ਭਗਤ ਅਤੇ ਮਹਾਨ ਗੈਰਤ ਵਾਲੇ ਮਹਾਂਪੁਰਖ ਪ੍ਰਤੀ ਇਹ ਕਿਆਸ ਨਹੀਂ ਕੀਤਾ ਜਾ ਸਕਦਾ ਕਿ ਜਿਸ ਮਹਾਂਪੁਰਖ ਨੇ ਪੁਜਾਰੀਵਾਦ/ਬ੍ਰਾਹਮਣਵਾਦ ਦੀ ਕੁਰੀਤੀਆਂ ਵਿਰੁੱਧ ਡਟ ਕੇ ਆਵਾਜ਼ ਉਠਾਈ ਹੋਵੇ, ਉਹ ਉਸ ਬ੍ਰਾਹਮਣ ਰਾਮਾਨੰਦ ਦੇ ਪੈਰਾਂ ਵਿੱਚ ਲੇਟ ਗਏ ਹੋਣਗੇ ਜੋ ਨੀਵੀ ਜਾਤੀ ਨੂੰ ਗਿਆਨ ਨਹੀਂ ਸੀ ਦਿੰਦਾ। ਇਥੇ ਬ੍ਰਾਹਮਣਵਾਦ ਦਾ ਅਰਥ ਕਿਸੇ ਬ੍ਰਾਹਮਣ ਜਾਤੀ ਤੋਂ ਨਹੀਂ, ਉਸ ਬ੍ਰਾਹਮਣ ਕਹਾਉਣ ਵਾਲੇ ਵਿਅਕਤੀ ਦੀ ਵਿਤਕਰੇ ਭਰੀ ਉਸ ਸੋਚ ਤੇ ਵਤੀਰੇ ਤੋਂ ਹੈ ਜਿਸ ਦੇ ਨਾਲ ਮਨੁੱਖਤਾ ਵਿੱਚ ਉਚ ਨੀਚ ਵਾਲਾ ਗੈਰ ਕੁਦਰਤੀ ਜ਼ਹਿਰ ਭਰਿਆ ਜਾਂਦਾ ਹੈ।

ਉਪਰੋਕਤ ਤੱਥ ਦੀ ਪੁਸ਼ਟੀ ਇਕ ਹੋਰ ਪ੍ਰਸਿੱਧ ਧਾਰਮਿਕ ਵਿਦਵਾਨ ਜੋ ਗੁਰਬਾਣੀ ਦੇ ਮਹਾਨ ਕਥਾ ਵਾਚਕ ਵੀ ਹੋਏ ਹਨ, ਦੇ ਵਿਚਾਰਾਂ ਤੋਂ ਮਿਲਦੀ ਹੈ ਕਿ ਗਿਆਨ ਦੋ ਤਰ੍ਹਾਂ ਦਾ ਹੁੰਦਾ ਹੈ। ਪਹਿਲਾ ਮੁੱਲ ਖਰੀਦਿਆ ਹੋਇਆ ਗਿਆਨ ਜੋ ਸਾਡੇ ਸੰਸਾਰੀ ਵਿਦਿਆਰਥੀ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਫੀਸਾਂ ਭਰ ਕੇ ਉਥੋਂ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਵਾਨ ਕਹਾਉਂਦੇ ਹਨ। ਦੂਜਾ ਹੈ ਕਿਸੇ ਮਹਾਨ ਸ਼ਖਸੀਅਤ ਦੇ ਅੰਦਰੋਂ ਕੁਦਰਤੀ ਤੌਰ 'ਤੇ ਜਨਮ ਤੋਂ ਪ੍ਰਗਟਿਆ ਰੱਬੀ ਗਿਆਨ ਜਿਸ ਨੂੰ ਕਿਸੇ ਕਾਲਜ ਜਾਂ ਯੂਨੀਵਰਸਿਟੀ ਦੀ ਪੜ੍ਹਾਈ ਦੀ ਲੋੜ ਨਹੀਂ ਹੁੰਦੀ, ਜਿਸ ਦਾ ਪ੍ਰਤੱਖ ਪ੍ਰਮਾਣ ਹੈ ਕਿ ਮਹਾਨ ਭਗਤਾਂ ਅਤੇ ਗੁਰੂ ਸਾਹਿਬਾਨਾਂ ਵੱਲੋਂ ਅੰਦਰੋਂ ਬਚਪਨ ਤੋਂ ਹੀ ਜੋ ਰੂਹਾਨੀ ਬਾਣੀ ਉਚਾਰਣ ਕੀਤੀ ਗਈ। ਅਸੀਂ ਕਹਿ ਸਕਦੇ ਹਾਂ ਕਿ ਭਗਤ ਕਬੀਰ ਜੀ ਨੂੰ ਵੀ ਸੁਆਮੀ ਰਾਮਾਨੰਦ ਤੋਂ ਗਿਆਨ ਉਧਾਰਾ ਲੈਣ ਦੀ ਲੋੜ ਨਹੀਂ ਸੀ ਪਈ ਹੋਣੀ। ਇਸ ਦਾ ਪ੍ਰਤੱਖ ਪ੍ਰਮਾਣ ਹੈ ਭਗਤ ਕਬੀਰ ਜੀ ਵੱਲੋਂ ਬ੍ਰਾਹਮਣਵਾਦ ਵਿਰੁੱਧ ਇਹ ਬਾਣੀ ਉਚਾਰਨ ਕੀਤੀ ਹੈ:

ਕਬੀਰ ਬਾਮਨੁ ਗੁਰੂ ਹੈ ਜਗਤ ਕਾ, ਭਗਤਨ
ਕਾ ਗੁਰੁ ਨਾਹਿ॥
ਅਰਝਿ ਉਰਝਿ ਕੈ ਪਚਿ ਮੂਆ, ਚਾਰਉ
ਬੇਦਹੁ ਮਾਹਿ॥

ਭਗਤ ਕਬੀਰ ਜੀ ਦੁਆਰਾ ਰਚਿਤ ਬਾਣੀ ਨੂੰ ਕੇਵਲ ਮੱਥਾ ਟੇਕਣ ਦੀ ਹੀ ਨਹੀਂ, ਸਗੋਂ ਉਸ 'ਤੇ ਅਮਲ ਕਰਕੇ ਉਸ ਤੋਂ ਸਹੀ ਸੇਧ ਲੈਣ ਦੀ ਜ਼ਰੂਰਤ ਹੈ।



www.BramptonTopRelator.com

# JAG AUJLA

REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

GUARANTEED

Other Realtors only Promise

But JAG AUJLA SOLD YOUR HOME WITH

GUARANTEED*

OR HE'LL BUY IT!*

*Some Conditions Apply

Top 1% Broker Ranked In*

Call For a Quick & Free Home Evaluation

www.BramptonQuickHomeEvaluation.com

(**2016,2015,2014,2013 2012,2011,2010) **(2009,2008) **(RE/MAX International) **(2010) **(2014)

** Based on Commissions earned

## Urgently Need New Listing in Brampton/GTA Call Jag Today To Sell Your Property For Top $$$ & Accurate Price

FOR SALE
BRAMPTON $679,905
ਚਿੰਗਕੂਜ਼ੀ/ਵੀਲੀਅਮ ਪਾਕ੍ਵੇ
ਬਹੁਤ ਹੀ ਸੋਹਣਾ 4+1 ਬੈਡਰੂਮ ਐਡ 4 ਵਾਸ਼ਰੂਮ ਘਰ, ਨਵਾਂ ਪੇਂਟ, ਲੇਮੀਨੇਟ ਫਲੋਰ, ਸਟੇਨਲੈਸ ਸਟੀਲ ਅਪਲਾਇੰਸਸ, ਨਵੇਂ ਰੂਫ ਸ਼ਿੰਗਲ 2018, ਗਰੇਨਾਇਟ ਕਾਂਉਟਰ ਟਾਪ, ਮਾਸਟਰ ਬੈਡਰੂਮ ਨੂੰ 5 ਪੀਸ ਇੰਨ ਸੂਟ, ਆਦਿ ਸਹੂਲਤਾਂ ਦੇ ਨੇੜੇ।

FOR SALE
BRAMPTON $839,905
ਬਰੈਮਲੀ/ਸੈਂਡਲਵੁਡ
ਬਹੁਤ ਹੀ ਸੋਹਣਾ 4 ਬੈਡਰੂਮ ਦਾ ਡਿਟੈਚ ਘਰ, ਜਿਸ ਵਿੱਚ ਕਿ 2 ਬੈਡਰੂਮ ਦੀ ਫੀਨਿਸ਼ਡ ਬੈਸਮੈਂਟ ਬਣੀ ਹੋਈ ਹੈ, ਹਾਰਡਵੁਡ ਫਲੋਰ, ਸਟੇਨਲੈਸ ਸਟੀਲ ਅਪਲਾਇੰਸਿਸ, ਮਾਸਟਰ ਬੈਡਰੂਮ ਨੂੰ 5 ਪੀਸ ਇੰਸੂਟ, ਸਕੂਲ, ਪਾਰਕ ਆਦਿ ਸਹੂਲਤਾਂ ਦੇ ਨੇੜੇ।

3 Car Garage FOR SALE
BRAMPTON $1,469,905
ਗੋਰਵੇ/ਕੰਟਰੀਸਾਇਡ
ਸੋਹਣਾ ਤੇ ਸਾਫ ਸੁਥਰਾ 4 ਬੈਡਰੂਮ (approx.4100 sqft), 5 ਵਾਸ਼ਰੂਮ ਵਾਸ਼ਰੂਮ ਦਾ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ

SOLD
BRAMPTON $779,905
ਏਅਰਪੋ੍ਟ ਰੋਡ/ ਕੈਸਲਮੋਰ
SOLD AT 99% OF ASKING IN 2 WEEKS

3 Car Garage FOR SALE
BRAMPTON $1,699,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਵਧੀਆ 5+1 ਬੈਡਰੂਮ (approx.5000 sqft), 5 ਵਾਸ਼ਰੂਮ ਦਾ ਘਰ ਜਿਸ ਨੂੰ ਕਿ +3 ਕਾਰ ਗਰਾਜ, +7 ਕਾਰਾਂ ਦੀ ਬਾਹਰ ਪਾਰਕਿੰਗ, ,10 ਫੁੱਟ ਸੀਲਿੰਗ, 9 ਫੁੱਟ ਸੀਲਿੰਗ, ਅਪਗ੍ਰੇਡਜ਼, 90 ਪੋਟ ਲਾਈਟਸ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

FOR SALE
BRAMPTON $839,905
ਵੀਲਿਅਮਜ਼ ਪਾਕ੍ਵੇ/ਜੇਮਜ਼ ਪੋਟਰ
ਬਹੁਤ ਸੋਹਣਾ 4+1 ਬੈਡਰੂਮ , 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਫੀਨਿਸ਼ਡ ਬੈਸਮੈਂਟ ਨੂੰ ਸੇਪਰੁਟ ਏਂਟਰੈਂਸ, 9 ਫੁੱਟ ਸਿਲਿੰਗ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ



# REXDALE BODY SHOP

USED CAR SALE

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779

RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience
OPEN MON - SAT 9AM TO 7PM

CHEEMA
LOWEST PRICE IN TOWN
Towing Service Car Paint Starts $799* upto 100% Deductible Paid*

Call Rick or Manminder Cheema: 416.749.9596 / 416.951.6431

30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



Carte WEALTH MANAGEMENT INC.

# KANG TAX & FINANCIAL SERVICES

- Personal and Corporate Tax Filings**
- RDSP, RESP, RRSP, TFSA Plans*
- Home and Auto Insurance***

Free Tax Filing For New Immigrants

416-271-4877 Email: sukhwinder.kang@cartewm.com

Sukhwinder Kang
(M.Sc. CFP)
Financial Advisor

2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE

* Mutual funds provided by Carte Wealth Management Inc.
** Tax planning and filings provided by Kang Tax & Financial Services
*** Property & Casualty Insurance provided by Armour Insurance Brokers Ltd.



# Grand Upholstery Ltd

Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212

5 Edvac Drive # 5 & 6 Brampton ON L6S 5P3 Email: grandupholstery@gmail.com



TRANSAM CARRIERS INC.

VACANCY ALERT:

HERE FOR THE LONG HAUL

# HIRING

- COMPANY DRIVERS A-Z
- OWNER OPERATORS AZ, DZ

- COMPETITIVE PAY PACKAGES
- WEEKLY PAY BY DIRECT DEPOSIT
- REFFERAL AND SIGN IN BONUSES
- SHORT AND LONG HAUL RUNS
- NEW VOLVO TRUCKS

We ask for:
- 2 years experience
- CVOR / Driver's abstract in good standing

*Check out some our Google reviews*

**Adam Durczok** ★★★★★
*If anyone looking for a decent place to work for then Transam is the right place to be. Out of my 25 years of driving for lot of other places this one is number 1. Great Dispatch, Great office staff. Amazing owners. Respectable and honest place to work.*

**Tahir S** ★★★★★
*Decent and much better than other companies, plenty of work, nice dispatch and nice people.*

**Kuldip Singh** ★★★★★

TRANSAM CARRIERS INC. TRANSAMCARRIERS.COM

12 YEARS OF SUCCESS

PLEASE, CONTACT
Len Bahinski: 877-907-8101 x4055
James Taylor: 877-907-8101 x4042

hr@transamcarriers.com
www.transamcarriers.com

@TransamCarriers
@Transam_Carriers

SmartWay Transport Partner | C-TPAT | FAST | PIP